1920 ਤੋਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 17

੧੬ ਤੋਂ ੩੦ ਅੱਸੂ ੨੦੮੧ ਬਿ.
1 to 15 October 2024

# ਸਤਿਜੁਗ









10/-

## ਜਪ ਪ੍ਰਯੋਗ ਦੀ ਅਰੰਭਤਾ ਤੋਂ ਪਹਿਲਾਂ ਅੰਮ੍ਰਿਤ ਛਕਦੇ ਹੋਏ ਬੱਚੇ









# ਸਤਿਜੁਗ

੧੬ ਤੋਂ ੩੦ ਅੱਸੂ ੨੦੮੧ ਬਿ.
1 ਤੋਂ 15 ਅਕਤੂਬਰ 2024 ਈ.
ਜਿਲਦ 104, ਨੰਬਰ 17

ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan, Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***

# ਤਤਕਰਾ

* ਸੰਪਾਦਕੀ........................................4

* ਗੁਰਬਾਣੀ ਵਿਆਖਿਆ........................................6

* ਗ਼ਦਰ ਲਹਿਰ ਦਾ ਇਨਕਲਾਬੀ ਪੱਖ
ਡਾ. ਖਲੀਲ ਖਾਨ........................................8

* ਕੰਨਿਆ ਭਰੂਣ ਹੱਤਿਆ
ਮਨਪ੍ਰੀਤ ਕੌਰ........................................13

* ਪ੍ਰੇਮ ਦਾ ਪਾਤਰ : ਪਦਮ ਸ੍ਰੀ ਸੁਰਜੀਤ ਪਾਤਰ ਅਤੇ ਨਾਮਧਾਰੀ-ਸਿੱਖ ਸਮਾਜ
ਹਰਪਾਲ ਸਿੰਘ ਸੇਵਕ........................................15

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ........................................21

* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ........................................24

* **From Compassion to Conflict: Addressing the Disconnect in Punjabi Youth Behavior**
**Alla Singh........................................27**

* **How being a Namdhari is helping me achieve my worldly Goals as well!**
**Haneet Singh........................................34**

* **The Story of Bhai Kanhaiya ji........................................35**

* ਕਾਵਿ-ਕਿਆਰੀ........................................37

* ਖ਼ਬਰਨਾਮਾ........................................38

* **Matrimonial........................................42**

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਰਾਮਕਲੀ ਦੀ ਵਾਰ ਵਿੱਚ ਭਾਈ ਸੱਤਾ ਤੇ ਬਲਵੰਡ ਲਿਖਦੇ ਹਨ–

ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥

ਭਾਵ ਗੁਰੂ ਨਾਨਕ ਪਾਸ਼ਾਹ ਨੇ ਆਪਣੀ ਜਗ੍ਹਾ ਆਪਣੇ ਸਿਖ ਲਹਿਣੇ ਨੂੰ ਬਿਠਾ ਨਵੀਂ ਮਰਿਆਦਾ ਤੋਰ ਦਿੱਤੀ। ਦੂਜੇ ਨਾਨਕ ਨੇ ਓਸੇ ਹੀ ਸਿਧਾਂਤ ਅਨੁਸਾਰ ਪ੍ਰਚਾਰ ਆਰੰਭ ਕੀਤਾ ਰਬਾਬੀ ਲਿਖਦੇ ਹਨ–

ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ॥

ਇਸ ਵਾਰੀ ਅੱਸੂ ਦੇ ਮਹੀਨੇ ਦੀ ਸਗਰਾਂਦ ਨਾਲ ਦੋ ਗੁਰੂ ਸਾਹਿਬਾਨਾਂ ਦਾ ਗੁਰਗੱਦੀ ਪੁਰਬ ਵੀ ਸੀ। ਅੱਜ ਤੋਂ 450 ਸਾਲ ਪਹਿਲਾਂ ਗੁਰੂ ਅਮਰਦਾਸ ਜੀ ਨੇ ਆਪਣੇ ਜਵਾਤਰੇ ਭਾਈ ਜੇਠੇ ਨੂੰ ਗੁਰੂ ਨਾਨਕ ਦੇਵ ਜੀ ਦੇ ਤਖਤ ਦਾ ਅਗਲਾ ਵਾਰਸ ਬਣਾਇਆ। ਗੁਰੂ ਰਾਮਦਾਸ ਜੀ ਦਾ ਬਚਪਨ ਕਠਿਨਾਈਆਂ ਭਰਿਆ ਗੁਜ਼ਰਿਆ। ਜਦੋਂ ਆਪ ਸੱਤ ਸਾਲ ਦੇ ਹੋਏ ਤਾਂ ਪਹਿਲਾ ਮਾਂ ਅਤੇ ਫਿਰ ਪਿਤਾ ਜੀ ਗੁਜ਼ਰ ਗਏ। ਛੋਟਾ ਭਰਾ ਅਤੇ ਛੋਟੀ ਭੈਣ ਦੀ ਜ਼ਿੰਮੇਵਾਰੀ ਵੀ ਆਪ ਸਿਰ ਪੈ ਗਈ। ਨਾਨੀ ਅਨਾਥ ਬਚਿਆਂ ਨੂੰ ਨਾਨਕੇ ਪਿੰਡ ਬਾਸਰਕੇ ਲੈ ਆਈ।

ਇਥੇ ਆਪ ਨੇ ਬਾਲ ਉਮਰ ਵਿੱਚ ਘਰ ਦੇ ਗੁਜਾਰੇ ਲਈ ਘੁੰਙਣੀਆਂ ਵੇਚਣ ਦੀ ਕਿਰਤ ਕੀਤੀ। ਜਦੋਂ ਗੋਇੰਦਵਾਲ ਨਵਾਂ ਨਗਰ ਗੁਰੂ ਅਮਰਦਾਸ ਜੀ ਵਸਾਇਆ ਤਾਂ ਬਾਸਰਕੇ ਦੇ ਬਹੁਤ ਘਰ ਨਵੇਂ ਨਗਰ ਦੀ ਸੋਭਾ ਸੁਣ ਓਥੇ ਜਾ ਵੱਸੇ। ਕੰਮ ਕਾਰ ਦੀ ਬੇਹਤਰੀ ਲਈ ਆਪ ਵੀ ਗੋਇੰਦਵਾਲ ਆਏ। ਇਥੇ ਗੁਜ਼ਾਰੇ ਲਈ ਕੰਮਕਾਰ ਕੀਤਾ ਅਤੇ ਨਾਲ ਹੀ ਗੁਰੂ ਘਰ ਵਿੱਚ ਰੋਜ਼ਾਨਾ ਸੇਵਾ ਆਰੰਭ ਦਿੱਤੀ।

ਆਪ ਦੀ ਸੇਵਾ ਭਾਵਨਾ ਮਿਹਨਤ ਅਤੇ ਲਗਨ ਨੂੰ ਵੇਖ ਸਭ ਆਪ ਦਾ ਸਨਮਾਨ ਕਰਦੇ। ਜਲਦੀ ਹੀ ਆਪ ਦੀ ਸੇਵਾ ਗੁਰੂ ਅਮਰਦਾਸ ਜੀ ਦੀ ਨਜ਼ਰ ਵਿੱਚ ਪ੍ਰਵਾਨ ਹੋਈ। ਬੰਸਾਵਲੀ ਨਾਮੇ ਦੇ ਇਹ ਸ਼ਬਦ–

ਸਾਕ ਨ ਜਾਤਾ ਹਿਰਦੇ ਰਖਿਆ ਸੇਵਕੀ ਭਾਉ॥
ਚਚਲਾਈ ਚਤ੍ਰਾਈ ਨ ਖੇਡਣ ਹਸਣ ਦਾ ਚਾਉ॥
ਪ੍ਰੀਤ ਚਰਨਾਂ ਦੀ ਸੇਵਕੀ ਰਖੀ
ਬਿਨਾ ਸਤਿਗੁਰ ਹੋਰ ਨਾ ਦੇਖਣ ਅਖੀਂ॥

ਗੁਰੂ ਅਮਰਦਾਸ ਜੀ ਨੇ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਆਪ ਨਾਲ ਯੋਗ ਵਰ ਜਾਣ ਕੀਤਾ। ਗੁਰੂ ਘਰ ਵਿੱਚ ਵੱਡੀ ਪੱਧਵੀ ਦੀ ਪ੍ਰਾਪਤੀ ਵੀ ਸੇਵਕੀ ਮਨ ਵਿੱਚ ਕੋਈ ਹੰਗਤਾ ਦੀ ਕਾਂਗ ਨਾ ਲਿਆ ਸਕੀ। ਆਪ ਦਿਨ ਰਾਤ ਗੁਰੂ ਦੀ ਸੇਵਾ ਵਿੱਚ ਲੱਗੇ ਰਹੇ। ਸਦਾ ਆਪ ਦੇ ਮੁੱਖ ਵਿੱਚ ਇਹ ਸ਼ਬਦ ਰਿਹਾ–

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

ਸ੍ਰੀ ਰਾਮਦਾਸ ਜੀ ਦੀ ਸੇਵਾ ਭਾਵਨਾ, ਦ੍ਰਿੜ ਨਿਸ਼ਠਾ, ਸੂਝਬੂਝ, ਬੋਲਬਾਣੀ ਅਤੇ ਪ੍ਰੇਮ ਵਿਵਹਾਰ ਨੇ ਸਭ ਨੂੰ ਮੰਤਰ ਮੁਗਧ ਕੀਤਾ। ਗੁਰੂ ਅਮਰਦਾਸ ਜੀ ਦੀ ਪ੍ਰੀਖੀਆ ਵਿੱਚ ਆਪ ਪੂਰਨ ਉਤਰੇ ਗੁਰੂ ਨਾਨਕ ਦੇ ਤਖਤ 'ਤੇ ਚੌਥੀ ਜੋਤਿ ਜਗਮਗਾਈ।

ਸਭ ਬਾਬੇ ਨਾਨਕ ਜੀ ਦੀ ਵਡਿਆਈ।
ਜਿਸ ਦੀ ਬਰਕਤ ਚਲੀ ਹੀ ਆਈ।
ਜਿਉ ਦੀਵੇ ਨਾਲੋਂ ਦੀਵਾ ਰੋਸ਼ਨ ਜਾਨੋ।
ਪਿਛੋਂ ਭੀ ਪੂਰਨ ਅਗੋਂ ਭੀ ਪੂਰਨ ਮਾਨੋ।

ਇਸ ਤਰ੍ਹਾਂ ਹੀ ਇਕ ਅੱਸੂ ਨੂੰ ਹੀ 183 ਸਾਲ ਪਹਿਲਾਂ ਸਤਿਗੁਰੂ ਬਾਲਕ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਬਾਰਵਾਂ ਨਾਨਕ ਥਾਪਿਆ। ਸਤਿਗੁਰੂ ਬਾਲਕ ਸਿੰਘ ਜੀ ਹਜ਼ਰੋਂ ਵਿੱਚ ਨਿਵਾਸ ਕਰਦੇ ਸੀ। ਹਜ਼ਰੋਂ ਵਿੱਚ ਇਕ ਛੋਟਾ ਫ਼ੌਜੀ ਕਿਲਾ ਸੀ ਜਿਸ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਫ਼ੌਜੀ ਟੁਕੜੀ ਆ ਰੁਕੀ। ਸਿੱਖ ਫ਼ੌਜੀ ਜੋ ਪਹਿਲਾਂ ਵੀ ਮੁੰਹਿਮਾ ਸਮੇਂ ਇਸ ਇਲਾਕੇ ਵਿੱਚ ਆਏ ਸੀ ਉਹ ਸਤਿਗੁਰੂ ਬਾਲਕ ਸਿੰਘ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਸਨ। ਕਈ ਸਿੱਖ ਫ਼ੌਜੀ ਨਾਮ ਦਾਨ ਪ੍ਰਾਪਤ ਕਰਕੇ ਆਪਣਾ ਜੀਵਨ ਬਦਲ ਚੁੱਕੇ ਸਨ। ਉਹਨਾਂ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੱਸਿਆ ਇਥੇ ਸਤਿਗੁਰੂ ਬਾਲਕ ਸਿੰਘ ਜੀ ਦਾ ਨਿਵਾਸ ਹੈ ਜੋ ਗੁਰੂ ਨਾਨਕ ਦੀ ਗਿਆਰਵੀਂ ਜੋਤ ਹਨ। ਅਸੀਂ ਦਰਸ਼ਨ ਕਰ ਆਏ ਹਾਂ ਤੁਸੀਂ ਵੀ ਕਰ ਆਉ। ਕੁਝ ਫ਼ੌਜੀ ਸਾਥੀਆਂ ਨਾਲ ਸਤਿਗੁਰੂ ਰਾਮ ਸਿੰਘ ਜੀ ਉਸ ਬਾਗ਼ ਵੱਲ ਚੱਲ ਪਏ ਜਿਥੇ ਸਤਿਗੁਰੂ ਬਾਲਕ ਸਿੰਘ ਜੀ ਕਥਾ ਕਰ ਰਹੇ ਸਨ। ਸ਼ਬਦ ਸੀ–

"ਠਾਕੁਰ ਤੁਮ ਸਰਣਾਈ ਆਇਆ॥
ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨ ਪਾਇਆ॥"

ਆਪ ਨੂੰ ਵੇਖਦੇ ਹੀ ਸਤਿਗੁਰੂ ਬਾਲਕ ਸਿੰਘ ਜੀ ਆਖਿਆ ਠਾਕਰੋ ਤੁਹਾਡਾ ਹੀ ਇੰਤਜ਼ਾਰ ਅਸੀਂ ਕਰ ਰਹੇ ਸੀ ਇਹ ਜ਼ਿੰਮੇਵਾਰੀ ਹੁਣ ਤੁਸੀਂ ਸੰਭਾਲੋ ਅਤੇ ਆਪਣੇ ਆਸਣ ਤੇ ਬਿਠਾ ਪੰਜ ਪੈਸੇ ਨਾਰੀਅਲ ਰੱਖ ਆਦਿ ਮਰਿਆਦਾ ਨਿਭਾਈ–

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ॥

..................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਪਉੜੀ॥**
**ਅਗਣਿਤ ਦਾਨੋ ਭਾਰੇ ਹੋਏ ਲੋਹੂਆਂ॥**
ਵਰਦਾਨ ਪ੍ਰਾਪਤ ਹੋਣ ਕਰਕੇ ਸ੍ਰੌਣਤਬੀਜ ਦੇ ਲਹੂ ਤੋਂ ਬਹੁਤ ਵੱਡੇ ਦੈਂਤ ਪੈਦਾ ਹੋਣ ਲੱਗੇ।
*However, Sarounat-Beej was blessed by a boon. Each droplet of blood from Sarounat-Beej that touched the ground turned into his clone.*

**ਜੋਧੇ ਜੇਡੁ ਮੁਨਾਰੇ ਅੰਦਰਿ ਖੇਤ ਦੈ॥**
ਜੋ ਮੈਦਾਨੇ-ਜੰਗ ਵਿੱਚ ਮੁਨਾਰਿਆਂ ਵਾਂਗੂੰ ਜਾਪਦੇ ਸਨ।
Those soldiers who looked like minarets on the battlefield,

**ਦੁਰਗਾ ਨੋ ਲਲਕਾਰੇ ਆਵਨ ਸਾਮ੍ਹਣੇ॥**
ਚੰਡਿਕਾ ਨੂੰ ਲਲਕਾਰਦੇ ਹੋਏ, ਉਸ ਦੇ ਸਾਹਮਣੇ ਆ ਰਹੇ ਸਨ।
challenged Chandika and faced off to her.

**ਦੁਰਗਾ ਸਭ ਸੰਘਾਰੇ ਰਾਕਸ ਆਂਵਦੇ॥**
ਸਾਰੇ ਰਾਖਸ਼ ਦੁਰਗਾ ਨੇ ਮਾਰ ਦਿੱਤੇ।
*Durga killed them all.*

**ਰੱਤੂ ਦੇ ਪਰਨਾਲੇ ਤਿਨ ਤੇ ਭੁਇ ਪਏ॥**
ਉਹਨਾਂ ਦੇ ਸਰੀਰਾਂ ਵਿੱਚੋਂ ਲਹੂ ਦੇ ਪਰਨਾਲੇ ਚੱਲ ਕੇ ਜ਼ਮੀਨ 'ਤੇ ਡਿੱਗਣ ਲੱਗੇ।
Streams of blood splattered onto the ground,

**ਉੱਠੇ ਕਾਰਣਿਆਰੇ ਰਾਕਸ ਹੜਹੜਾਇ॥38॥**
ਜਿਨ੍ਹਾਂ ਤੋਂ ਜੰਗ ਕਰਨ ਵਾਲੇ ਹੋਰ ਰਾਖਸ਼ ਹੱਸ-ਹੱਸ ਕੇ ਪੈਦਾ ਹੋਣ ਲੱਗ ਪਏ।
this spawned more clones, which emerged laughing.

**ਪਉੜੀ॥**
**ਧੱਗਾਂ ਸੰਗਲਿਆਲੀਂ ਸੰਘਰ ਵਾਇਆ॥**
ਸੰਗਲਾਂ ਵਾਲਿਆਂ ਨਗਾਰਿਆਂ ਨੂੰ ਜੰਗ ਵਿੱਚ ਵਜਾਇਆ ਗਿਆ।
The chained war drum was beaten, sounding the start of the war.

**ਬਰਛੀ ਬੰਬਲਿਆਲੀ ਸੂਰੇ ਸੰਘਰੇ॥**
ਫੁੰਮਣਾਂ ਵਾਲੀਆਂ ਬਰਛੀਆਂ ਨੇ ਯੋਧੇ ਮਾਰ ਸੁੱਟੇ।
The dagger, bedecked with tassels killed many soldiers.

**ਭੇੜ ਮਚਿਆ ਬੀਰਾਲੀ ਦੁਰਗਾ ਦਾਨਵੀਂ॥**

ਦੁਰਗਾ ਅਤੇ ਦੈਂਤਾਂ ਦੇ ਯੋਧਿਆਂ ਦਾ ਆਪੋ ਵਿੱਚ ਜੰਗ ਮੱਚ ਪਿਆ।

The two armies led by Durga and demons fought each other.

**ਮਾਰ ਮਚੀ ਮੁਹਰਾਲੀ ਅੰਦਰਿ ਖੇਤ ਦੈ॥**

ਮੈਦਾਨੇ-ਜੰਗ ਵਿੱਚ ਦੈਂਤਾਂ ਦੇ ਮੋਹਰੀ ਯੋਧਿਆਂ ਨੂੰ ਵੱਡੀ ਮਾਰ ਪਈ।

The front line of the demon army suffered a brutal attack.

**ਜਣੁ ਨਟ ਲੱਥੇ ਛਾਲੀਂ ਢੋਲਿ ਬਜਾਇ ਕੈ॥**

ਸੂਰਮੇ ਮੈਦਾਨ ਵਿੱਚ ਇਉਂ ਡਿੱਗ ਰਹੇ ਸਨ, ਜਿਵੇਂ ਢੋਲ ਵਜਾ ਕੇ ਨੱਟ ਛਾਲਾਂ ਮਾਰ ਰਹੇ ਹੋਣ।

Brave soldiers fell to the ground as if they were dancing to the rhythm of the Dhol.

**ਲੋਹੂ ਫਾਥੀ ਜਾਲੀ ਲੋਥੀਂ ਜਮਧੜੀ॥**

ਕਟਾਰਾਂ ਵੱਜੀਆਂ ਹੋਣ ਕਰਕੇ ਸੂਰਮਿਆਂ ਦੀਆਂ ਲੋਥਾਂ ਇਉਂ ਤੜਫਦੀਆਂ ਹਨ,
ਜਿਵੇਂ ਲਾਲ ਮੱਛੀ ਜਾਲ ਵਿੱਚ ਫਸੀ ਹੋਵੇ।

Those who had been pierced by the Katar (dagger) wailed like a red fish, caught in a net.

**ਘਣ ਵਿਚਿ ਜਿਉ ਛੰਛਾਲੀ ਤੇਗਾਂ ਹੱਸੀਆਂ॥**

ਤਲਵਾਰਾਂ ਇਉਂ ਚਮਕੀਆਂ, ਜਿਵੇਂ ਬੱਦਲਾਂ ਵਿੱਚ ਬਿਜਲੀ ਚਮਕਦੀ ਹੈ।

Their swords were shimmering like bolts of lightning.

**ਘੁਮਰਆਰਿ ਸਿਆਲੀ ਬਣੀਆਂ ਕੇਜਮਾਂ॥39॥**

ਸੂਰਮਿਆਂ ਦੀਆਂ ਤਲਵਾਰਾਂ ਇਉਂ ਫੱਬ ਰਹੀਆਂ ਸਨ,
ਮਾਨੋਂ ਕਿ ਸਿਆਲ ਦੀ ਧੁੰਧ ਨੇ ਅਸਮਾਨ ਢੱਕ ਲਿਆ ਹੋਵੇ।

Their swords had engulfed the battlefield, like fog in winter.

**ਪਉੜੀ॥**

**ਧੱਗਾਂ ਸੂਲਿ ਬਜਾਈਆਂ ਦਲਾਂ ਮੁਕਾਬਲਾ॥**

ਨਗਾਰਿਆਂ 'ਤੇ ਚੋਟਾਂ ਵਜਾਈਆਂ ਅਤੇ ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।

The war drum was struck, the war restarted.

**ਧੂਹਿ ਮਿਆਨੋ ਲਈਆਂ ਜੁਆਨੀ ਸੂਰਮੀਂ॥**

ਜੁਆਨ ਸੂਰਮਿਆਂ ਨੇ ਮਿਆਨਾਂ 'ਚੋਂ ਤਲਵਾਰਾਂ ਕੱਢ ਲਈਆਂ।

These young brave soldiers, pulled out their swords.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਗ਼ਦਰ ਲਹਿਰ ਦਾ ਇਨਕਲਾਬੀ ਪੱਖ



**ਡਾ. ਖਲੀਲ ਖਾਨ**
**9914055472**

ਗ਼ਦਰ ਲਹਿਰ ਲਈ ਪ੍ਰੇਰਣਾ ਦਾ ਸ੍ਰੋਤ ਜਿੱਥੇ ਸਿੱਖ ਇਤਿਹਾਸ, 1857 ਦਾ ਗਦਰ, ਕੂਕਾ ਅੰਦੋਲਨ, ਪਗੜੀ ਸੰਭਾਲ ਜੱਟਾ ਅੰਦੋਲਨ (1907) ਰਹੇ, ਉਥੇ ਵਿਦੇਸ਼ਾਂ ਵਿੱਚ ਚੱਲ ਰਹੀਆਂ ਸਮਕਾਲੀ ਇਨਕਲਾਬੀ ਲਹਿਰਾਂ ਗਦਰੀਆਂ ਨੂੰ ਬਸਤੀਵਾਦੀ ਨਿਜ਼ਾਮ ਨਾਲ ਸੰਘਰਸ਼ ਵਿੱਢਣ ਲਈ ਪ੍ਰੇਰਦੀਆਂ ਸਨ। ਭਾਰਤੀਆਂ ਨਾਲ ਵਿਦੇਸ਼ਾਂ ਵਿੱਚ ਹੁੰਦਾ ਅਪਮਾਨਜਨਕ ਵਿਵਹਾਰ ਵੀ ਉਹਨਾਂ ਦੀਆਂ ਜਮੀਰਾਂ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋੜਣ ਲਈ ਹਲੂਣਦਾ ਰਿਹਾ। ਗ਼ਦਰ ਲਹਿਰ ਇੱਕ ਅੰਤਰਾਸਟਰੀ ਲਹਿਰ ਸੀ, ਇਸ ਦੀਆਂ ਮਹੱਤਵਪੂਰਨ ਬਰਾਂਚਾਂ ਮਲਾਇਆ, ਸੰਘਈ, ਇੰਡੋਨੇਸੀਆ, ਈਸਟ ਇੰਡੀਜ਼, ਫਿਲਪੀਨਸ, ਨਿਊਜੀਲੈਂਡ, ਹੌਂਗਕੌਂਗ, ਸਿੰਗਾਪੁਰ, ਫਿਜ਼ੀ, ਜਪਾਨ, ਮਨੀਲਾ ਅਤੇ ਬਰਮਾ ਆਦਿ ਦੇਸ਼ਾਂ ਵਿੱਚ ਫੈਲੀਆਂ ਹੋਈਆਂ ਸਨ।[1] ਇਸ ਲਈ ਹਰ ਥਾਂ ਤੋਂ ਉਸ ਖੇਤਰ ਵਿੱਚ ਚੱਲ ਰਹੇ ਅੰਦੋਲਨਾਂ ਤੋਂ ਸਲਾਹਾਂ ਗ਼ਦਰ ਦੇ ਹੈਡਕੁਆਟਰ ਤੱਕ ਪਹੁੰਚਦੀਆਂ ਅਤੇ ਉਹਨਾਂ ਸਲਾਹਾਂ ਉੱਪਰ ਵਿਚਾਰ ਕਰ ਕੇ ਲੋੜੀਂਦਾ ਲੋਕ ਮੱਤ ਗ਼ਦਰ ਵਿਉਂਤਬੰਦੀ ਵਿੱਚ ਸ਼ਾਮਿਲ ਕਰ ਲਿਆ ਜਾਂਦਾ ਸੀ। ਸੋਹਨ ਸਿੰਘ ਜੋਸ਼ ਗਦਰੀਆਂ ਦੀ ਇਨਕਲਾਬੀ ਵਿਚਾਰਧਾਰਾ ਦੀ ਗੱਲ ਕਰਦੇ ਹੋਏ ਲਿਖਦੇ ਹਨ ਕਿ ਗ਼ਦਰੀਆਂ ਦੀ

> "ਨੀਤੀ ਸਿੱਧੀ ਅਤੇ ਇਮਾਨਦਾਰ ਸੀ ਕਿ ਗੁਲਾਮ ਬਣਾਉਣ ਵਾਲੇ ਸਾਮਰਾਜੀ ਨੂੰ ਮਾਰੋ ਜਾਂ ਖੁਦ ਮਾਰੇ ਜਾਓ। ਉਹਨਾਂ ਨੂੰ ਕਿਸੇ ਵੀ ਕੀਮਤ ਤੇ ਇੰਡੀਆ ਤੋਂ ਬਾਹਰ ਕੱਢ ਮਾਰੋ, ਆਜ਼ਾਦੀ ਜਾਂ ਮੌਤ"।[2]

ਗ਼ਦਰ ਅੰਦੋਲਨ ਸ਼ੁਰੂ ਹੋਣ ਦਾ ਕਾਰਨ ਬਸਤੀਵਾਦੀ ਸਾਮਰਾਜ ਦੀ ਭਾਰਤੀ ਸੰਸਾਧਨਾ ਦੀ ਬੇ-ਰੋਕ ਲੁੱਟ ਸੀ ਅਤੇ ਭਾਰਤੀ ਲੋਕਾਂ ਦਾ ਮਾਨਸਿਕ ਸ਼ੋਸ਼ਣ ਕਰਨਾ ਸੀ। ਅੰਗਰੇਜ਼ੀ ਹਕੂਮਤ ਹਰ ਸਮੇਂ ਭਾਰਤੀਆਂ ਨੂੰ ਬੇਗਾਨੇ ਹੋਣ ਦਾ ਅਹਿਸਾਸ ਕਰਵਾਉਂਦੀ ਰਹੀ, ਜਿੱਥੇ ਉਹਨਾਂ ਭਾਰਤ ਦਾ ਹਰ ਹੀਲੇ ਆਰਥਿਕ ਸ਼ੋਸ਼ਣ ਕੀਤਾ ਉਥੇ ਉਹਨਾਂ ਨੇ ਕਾਲ ਅਤੇ ਪਲੇਗ ਵਰਗੀਆਂ ਬਿਮਾਰੀਆਂ ਸਮੇਂ ਵੀ ਭਾਰਤੀਆਂ ਪ੍ਰਤੀ ਕੋਈ ਹਮਦਰਦੀ ਨਾ ਦਿਖਾਈ। ਕਰੋੜਾਂ ਦੀ ਗਿਣਤੀ ਵਿੱਚ ਬੇਕਸੂਰ ਲੋਕ ਮੌਤ ਦੇ ਮੂੰਹ ਪਾ ਦਿੱਤੇ।

ਰੋਟੀ ਕੱਪੜਾ ਮੂਲ ਨਾ ਮਿਲੇ ਸਾਨੂੰ,
ਨੰਗ ਭੁੱਖ ਨੇ ਸ਼ਕਲ ਗਵਾ ਦਿੱਤੀ
ਦਿਨੇ ਰਾਤ ਮਰਦੇ ਅਸੀਂ ਕੰਮ ਕਰਦੇ
ਸੁਧ ਬੁੱਧ ਤਮਾਮ ਭੁਲਾ ਦਿੱਤੀ
ਦੇਸ ਲੁੱਟ ਫਰੰਗੀਆਂ ਲਿਆ ਸਾਡਾ
ਦੁਖ ਭੁੱਖ ਪਲੇਗ ਫੈਲਾ ਦਿੱਤੀ।

ਗ਼ਦਰ ਦੀ ਗੂੰਜ ਵਿੱਚ ਛਪ ਰਹੀਆਂ ਕਵਿਤਾਵਾਂ ਗਦਰੀਆਂ ਦੀ ਮਨੋਦਸ਼ਾ ਨੂੰ ਪੇਸ਼ ਕਰ ਰਹੀਆਂ ਸਨ:

ਕੁਲੀ ਕੁਲੀ ਪੁਕਾਰਦਾ ਜਗ ਸਾਨੂੰ,
ਸਾਡਾ ਝੁਲਦਾ ਕਿਤੇ ਨਿਸ਼ਾਨ ਕਿਉਂ ਨਹੀਂ?[3]

ਕਈ ਥਾਂਵਾਂ 'ਤੇ ਤਾਂ ਹਾਲਾਤ ਬਹੁਤ ਹੀ ਸ਼ਰਮਨਾਕ ਸਨ ਜਿਥੇ ਹੋਟਲਾਂ ਅਤੇ ਰਿਸਟੋਰੈਂਟਾਂ ਦੇ ਬਾਹਰ ਇੱਕ ਤਖ਼ਤੀ ਲਗਾ ਕਿ ਉਸ ਉੱਪਰ ਲਿਖਿਆ ਜਾਂਦਾ ਸੀ ਕਿ, **'ਕੁੱਤਿਆਂ ਅਤੇ ਭਾਰਤੀਆਂ ਦਾ ਅੰਦਰ ਆਉਣਾ ਮਨਾ ਹੈ' (Dogs and Indians are not allowed)**। ਇਸ ਤਰ੍ਹਾਂ ਦੇ ਅਪਮਾਨ ਨੂੰ ਸਹਾਰਨਾ ਗ਼ਦਰ ਦੀ ਸੋਚ ਰੱਖਣ ਵਾਲਿਆਂ ਲਈ ਅਸੰਭਵ ਸੀ। ਇਸ ਅਪਮਾਨ ਤੋਂ ਬਚਣ ਦਾ ਇੱਕੋ ਰਾਸਤਾ ਸੀ, ਆਪਣੇ ਵਤਨ ਵਾਪਸ ਜਾਣਾ ਅਤੇ ਸਨਮਾਨ ਨਾਲ ਰਹਿਣਾ ਪਰ ਸਨਮਾਨ ਅਤੇ ਇੱਜ਼ਤ ਤਾਂ ਹੀ ਮਿਲ ਸਕਦੀ ਸੀ ਜੇਕਰ ਆਪਣੀ ਸਰ-ਜ਼ਮੀਨ ਆਜ਼ਾਦ ਹੋਵੇ। ਇਸ ਆਜ਼ਾਦੀ ਲਈ ਸੰਘਰਸ਼ ਤੋਂ ਬਿਨਾਂ ਕੋਈ ਦੂਸਰਾ ਰਾਹ ਗ਼ਦਰੀਆਂ ਨੂੰ ਵਿਖਾਈ ਨਾ ਦਿੱਤਾ। ਇਸ ਲਈ ਉਹ ਹਥਿਆਰਬੰਦ ਘੋਲ ਰਾਹੀਂ ਇਨਕਲਾਬ ਕਰਨ ਲਈ ਵਾਪਸ ਭਾਰਤ ਪਰਤੇ ਅਤੇ ਗ਼ਦਰ ਲਈ ਵਿਉਂਤਬੰਦੀਆਂ ਕਰਨੀਆਂ

ਸ਼ੁਰੂ ਕਰ ਦਿੱਤੀਆਂ।

ਪਾਰਟੀ ਦੀ ਲੋੜ ਨੂੰ ਗਦਰੀਆਂ ਨੇ ਮੁੱਢਲੀ ਜ਼ਰੂਰਤ ਸਮਝਿਆ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਪਾਰਟੀ ਤੋਂ ਬਿਨਾਂ ਇਨਕਲਾਬ ਜਾਂ ਸੰਘਰਸ਼ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ ਕਿਉਂਕਿ ਇਨਕਲਾਬ ਲਈ ਜੂਝਣ ਵਾਲੀ ਹਰ ਇੱਕ ਤਾਕਤ ਨੇ ਖੁਦ ਨੂੰ ਸਭ ਤੋਂ ਪਹਿਲਾਂ ਜੱਥੇਬੰਦ ਕੀਤਾ ਸੀ। ਗ਼ਦਰੀ ਇਸ ਸੰਸਥਾ ਦੀ ਜ਼ਰੂਰਤ ਨੂੰ ਉਹ ਇੰਝ ਦਰਸਾਉਂਦੇ ਹਨ:-

ਲੀੜੇ ਲਾਹ ਫਰੰਗ ਨੇ ਨੰਗ ਕੀਤਾ,
ਸਾਨੂੰ ਮਿਲੇ ਕਿਧਰੇ ਢੋਈ ਪਿਆਰ ਨਾਹੀਂ।
ਕੇੜ੍ਹੀ ਗੱਲ ਜਿਸ ਤੇ ਦੂਰੇ ਦੂਰੇ ਹੋਵੇ,
ਜਥੇਬੰਦੀ ਤੇ ਅਣਖ ਤਲਵਾਰ ਨਾਹੀਂ।

ਗ਼ਦਰੀਆਂ ਨੇ ਇਸ ਲੋੜ ਨੂੰ ਸਿਰਫ਼ ਸਮਝਿਆ ਹੀ ਨਹੀਂ ਸਗੋਂ ਇਸ ਨੂੰ ਅਮਲੀ ਰੂਪ ਵੀ ਦਿੱਤਾ ਅਤੇ ਇੱਕ ਸੰਸਥਾ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੀ ਜਥੇਬੰਦੀ ਦੀ ਸਥਾਪਨਾ 1913 ਈ. ਵਿੱਚ ਕੀਤੀ। ਮਈ 1913 ਵਿਚ ਗਦਰੀਆਂ ਦੁਆਰਾ 'ਹਿੰਦੀ ਐਸੋਸੀਏਸ਼ਨ' ਨਾਂ ਦੀ ਸੰਸਥਾ ਦਾ ਜਨਮ ਹੋਇਆ ਬਾਅਦ ਵਿੱਚ ਇਸੇ ਸੰਸਥਾ ਦਾ ਨਾਂ 'ਹਿੰਦੀ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ' ਰੱਖਿਆ ਗਿਆ। ਗ਼ਦਰ ਅਖਬਾਰ ਦੇ ਪ੍ਰਚਲਣ ਨਾਲ ਇਸ ਪਾਰਟੀ ਦਾ ਨਾਂ 'ਗਦਰ' ਦੇ ਨਾਮ ਨਾਲ ਹੀ ਮਕਬੂਲ ਹੋਇਆ। ਗ਼ਦਰ ਪਾਰਟੀ ਦੇ ਨਿਰਮਾਣ ਨੇ ਗ਼ਦਰੀਆਂ ਦੀ ਸੋਚ ਨੂੰ ਪੂਰੇ ਵਿਸ਼ਵ ਭਰ ਵਿੱਚ ਪਹੁੰਚਾ ਦਿੱਤਾ। ਇਹ ਪਾਰਟੀ ਸਿਰਫ ਨਾਂ ਦੀ ਹੀ ਪਾਰਟੀ ਨਹੀਂ ਸੀ ਸਗੋਂ ਇਸ ਦੀ ਜਥੇਬੰਦਕ ਸਫ਼ਲਤਾ ਦਾ ਲੋਹਾ ਮੰਨਦੇ ਹੋਏ ਇਸ ਪਾਰਟੀ ਬਾਰੇ ਅੰਗਰੇਜ਼ੀ ਟ੍ਰਿਬਿਊਨ ਨੇ ਕੁਝ ਇਸ ਤਰ੍ਹਾਂ ਲਿਖਿਆ ਸੀ,

"ਗ਼ਦਰ ਮਚਾਉਣ ਲਈ ਇੱਕ, "ਜ਼ਬਰਦਸਤ ਜਥੇਬੰਦੀ ਵਿੱਚ ਵਿਕਸਤ ਹੋ ਚੁੱਕੀ ਸੀ ਜਿਸ ਦਾ

ਸਿੱਟਾ ਜੰਗ ਸ਼ੁਰੂ ਹੋਣ ( ਪਹਿਲਾ ਵਿਸ਼ਵ ਯੁੱਧ 1914 ) ਵੇਲੇ ਹਿੰਦੋਸਤਾਨ ਵੱਲ ਚਾਲੇ ਪਾਉਣ

ਦੇ ਇਰਾਦੇ ਵਿੱਚ ਨਿਕਲਿਆ।"[4]

ਗ਼ਦਰੀ ਭਾਰਤੀਆਂ ਦੀ ਮਨੋਦਸ਼ਾ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਆਪਣੇ ਲੋਕਾਂ ਵਿੱਚ ਉਤਸਾਹ ਪੈਦਾ ਕਰਨਾ ਗ਼ਦਰੀਆਂ ਦਾ ਮਹੱਤਵਪੂਰਨ ਕੰਮ ਸੀ। ਇਹ ਕਿਸੇ ਸੁਚੱਜੀ ਵਿਉਂਤਬੰਦੀ ਨਾਲ ਹੀ ਸੰਭਵ ਸੀ। ਆਪਣੇ ਪ੍ਰਚਾਰ ਲਈ ਉਹਨਾਂ ਨੇ ਸਾਹਿਤ ਦਾ ਸਹਾਰਾ ਲਿਆ ਅਤੇ ਲੋਕ ਮਨਾਂ ਵਿੱਚ ਗ਼ਦਰ ਪ੍ਰਤੀ ਹਾਂ ਪੱਖੀ ਸੋਚ ਪੈਦਾ ਕੀਤੀ। ਗ਼ਦਰੀਆਂ ਨੇ ਸੈਨਿਕ ਛਾਉਣੀਆਂ ਵਿੱਚ ਪਹੁੰਚ ਬਣਾ ਕਿ ਸੈਨਿਕਾਂ ਨੂੰ ਗ਼ਦਰ ਕਰਨ ਲਈ ਤਿਆਰ ਕਰਨਾ ਸ਼ੁਰੂ ਕੀਤਾ। ਇਸ ਕੰਮ ਵਿੱਚ ਕਰਤਾਰ ਸਿੰਘ ਸਰਾਭਾ ਨੇ ਅਹਿਮ ਭੂਮਿਕਾ ਅਦਾ ਕੀਤੀ। ਜਥੇਬੰਦੀ ਬਣਨ ਤੋਂ ਬਾਅਦ ਗ਼ਦਰੀਆਂ ਨੇ ਆਪਣੇ ਨਾਲ ਲੋਕਾਂ ਨੂੰ ਜੋੜਦੇ ਹੋਏ ਇਸ ਗੱਲ ਦਾ ਪ੍ਰਚਾਰ ਕੀਤਾ ਕਿ ਉਹ ਆਪ ਨੂੰ ਗ਼ਦਰੀ ਅਖਵਾਉਣ ਅਤੇ ਜੇਕਰ ਕੋਈ ਉਹਨਾਂ ਕੋਲੋਂ ਉਹਨਾਂ ਦਾ ਕੰਮ ਪੁੱਛੇ ਤਾਂ ਉਹ ਮਾਣ ਨਾਲ ਕਹਿ ਸਕਣ ਕਿ ਉਨਾਂ ਦਾ ਕੰਮ 'ਗ਼ਦਰ' ਮਚਾਉਣਾ ਹੈ ਗ਼ਦਰੀਆਂ ਲਈ ਗ਼ਦਰ ਹੀ ਇਨਕਲਾਬ ਦਾ ਇੱਕੋ ਰਾਹ ਸੀ:

ਅਗਰ ਕੋਈ ਪੂਛੇ ਕਿ ਕੌਨ ਹੋ ਤੁਮ,
ਤੋ ਕਹਿ ਦੋ ਬਾਗ਼ੀ ਹੈ ਨਾਮ ਅਪਨਾ।
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ,
ਗ਼ਦਰ ਕਰਨਾ ਹੈ ਕਾਮ ਅਪਨਾ
ਨਮਾਜ਼ ਸੰਧਿਆ ਯਹੀ ਹਮਾਰੀ,
ਔਰ ਪਾਠ ਪੂਜਾ ਸਭੀ ਯਹੀ ਹੈ।
ਧਰਮ ਕਰਮ ਸਭੀ ਯਹੀ ਹੈ ਹਮਾਰਾ,
ਯਹੀ ਖ਼ੁਦਾ ਹੈ ਔਰ ਰਾਮ ਅਪਨਾ।"[5]

ਗ਼ਦਰੀਆਂ ਨੂੰ ਸੰਵਿਧਾਨਕ ਤਰੀਕੇ ਨਾਲ ਅੰਗਰੇਜ਼ਾਂ ਤੋਂ ਹੱਕ ਮੰਗਣ ਵਾਲੇ ਲੋਕ ਵੀ ਪਸੰਦ ਨਹੀਂ ਆ ਰਹੇ ਸਨ, ਕਾਂਗਰਸ ਅਤੇ ਹੋਰ ਬਹੁਤ ਸਾਰੀਆਂ ਹਿੰਦੂ, ਸਿੱਖ, ਮੁਸਲਿਮ ਫਿਰਕੂ ਪਾਰਟੀਆਂ ਅੰਗਰੇਜ਼ੀ ਰਾਜ ਦੇ ਅਧੀਨ ਰਹਿ ਕੇ, ਉਨ੍ਹਾਂ ਦੀ ਹੁਕਮ ਅਦੂਲੀ ਕਰ ਕੇ ਹੀ ਆਪਣੀ-ਆਪਣੀ ਕੌਮ ਅਤੇ ਮਜ਼ਹਬ ਲਈ ਅੰਗਰੇਜ਼ਾਂ ਤੋਂ ਹੱਕ ਮੰਗ ਰਹੇ ਸਨ। 1885 ਵਿੱਚ ਬਣੀ ਕਾਂਗਰਸ ਪਾਰਟੀ ਜੋ ਆਪਣੇ ਆਪ ਨੂੰ ਰਾਸਟਰੀ ਪੱਧਰ ਦੀ ਪਾਰਟੀ ਹੋਣ ਦਾ ਦਾਅਵਾ ਕਰਦੀ ਸੀ, ਉਹ ਵੀ ਆਪਣੀਆਂ ਸ਼ਾਤਮਈ ਨੀਤੀਆਂ ਰਾਹੀਂ ਕੁਝ ਖਾਸ ਪ੍ਰਾਪਤ ਨਹੀਂ ਕਰ ਸਕੀ ਸੀ। ਇਸ ਲਈ ਗਦਰੀਆਂ ਲਈ ਇਹ ਸੁਭਾਵਿਕ ਹੀ ਸੀ ਕਿ ਉਹ ਲੋਕਾਂ ਅੱਗੇ ਅਪੀਲ ਕਰਦੇ ਕਿ ਇਹੋ ਜਿਹੀਆ ਪਾਰਟੀਆ ਦਾ ਰਾਹ ਛੱਡ ਕੇ ਗ਼ਦਰ ਦਾ ਰਾਸਤਾ ਅਪਨਾਉਣ। ਇਸ ਲਈ ਗ਼ਦਰੀਆਂ ਦਾ ਮੰਨਣਾ ਸੀ ਕਿ ਅੰਗਰੇਜ਼ਾਂ ਅਧੀਨ ਰਹਿ ਕੇ ਹੱਕ ਮੰਗਣ ਦੀ ਥਾਂ ਸਾਨੂੰ ਪੂਰਨ ਤੌਰ ਤੇ ਆਪਣੇ ਦੇਸ਼ ਦੇ ਖ਼ੁਦ ਮਾਲਕ ਬਣ ਜਾਣਾ ਚਾਹੀਦਾ ਹੈ। ਜਿਸ ਲਈ ਜ਼ਰੂਰੀ ਹੈ ਕਿ ਗਦਰ ਕੀਤਾ ਜਾਵੇ ਅਤੇ ਅੰਗਰੇਜ਼ੀ ਸਰਕਾਰ ਨਾਲ ਹਥਿਆਬੰਦ ਘੋਲ ਰਾਹੀਂ ਗੋਰੀ ਚਮੜੀ ਨੂੰ ਦੇਸ਼ ਤੋਂ ਬਾਹਰ ਕੱਢ ਦਿੱਤਾ ਜਾਵੇ। ਬਾਬਾ ਸੋਹਣ ਸਿੰਘ ਭਕਨਾ ਦੇ ਇਹ ਹੇਠਾਂ ਲਿਖੇ ਸ਼ਬਦ ਗ਼ਦਰ ਲਹਿਰ ਦੇ ਸੰਘਰਸ਼ ਦੇ ਸੁਭਾਅ ਦੀ ਸਮੂਹਿਕ ਤੌਰ ਤੇ

ਤਰਜ਼ਮਾਨੀ ਕਰਦੇ ਹਨ:

"...ਜੇ ਕੋਈ ਜ਼ਾਲਮ ਕਿਸੇ ਕਮਜ਼ੋਰ ਕੌਮ ਜਾਂ ਦੇਸ਼ ਦੀ ਆਜ਼ਾਦੀ, ਰੋਟੀ ਅਤੇ ਦੂਜੇ
ਸਮਾਜਕ ਹੱਕਾਂ ਨੂੰ ਪੈਰਾਂ ਹੇਠਾਂ ਕੁਚਲਦਾ ਹੈ,
ਤਦ ਅਜਿਹੀ ਹਾਲਤ ਵਿਚ ਆਪਣੀ
ਰਾਖੀ ਹਥਿਆਰਬੰਦ ਇਨਕਲਾਬ ਰਾਹੀਂ ਕਰਨੀ
ਇਕ ਫ਼ਰਜ਼ ਤੇ ਪਹਿਲਾ ਧਰਮ ਹੈ।
ਅਹਿੰਸਾ ਏਥੇ ਕਾਇਰਤਾ ਦੀ ਭੈਣ ਸਾਬਤ
ਹੋਵੇਗੀ ਅਤੇ ਨਾ ਮੁਆਫ਼ ਕੀਤਾ ਜਾਣ
ਵਾਲਾ ਇਤਿਹਾਸਿਕ ਗੁਨਾਹ ਸਮਝੀ ਜਾਵੇਗੀ।
ਕਿਉਂਕਿ ਕਾਇਰਤਾ ਜ਼ਾਲਮ ਪੈਦਾ
ਕਰਦੀ ਹੈ ਤੇ ਉਹਦਾ ਹੌਂਸਲਾ ਵਧਾਉਂਦੀ ਹੈ।"[6]

ਹੇਠ ਲਿਖੀਆਂ ਗ਼ਦਰ ਲਹਿਰ ਦੀਆਂ ਕਵਿਤਾਵਾਂ ਵੀ ਅਹਿੰਸਾਵਾਦੀ ਮਾਰਗ ਰਾਹੀਂ ਸਿਰਫ਼ ਹੱਕ ਮੰਗਣ ਦੀ ਥਾਂ ਪੂਰਨ ਖੁਦ-ਮੁਖਤਿਆਰੀ ਨੂੰ ਪੇਸ਼ ਕਰਦੀਆਂ ਹਨ ਅਤੇ ਹਥਿਆਰਬੰਦ ਘੋਲ ਲਈ ਫਰੰਗੀਆਂ ਦੇ ਰਾਜ ਨੂੰ ਪੁੱਟ ਸੁੱਟਣ ਲਈ ਪ੍ਰੇਰਦੀਆਂ ਹਨ:

ਹੱਕਾਂ ਦਾ ਖਿਆਲ ਛੱਡ ਸਾਂਭੋ ਦੇਸ ਨੂੰ
ਕੱਢ ਦਿਓ ਫਰੰਗੀ ਭੂਤਨੇ ਮਲੇਸ ਨੂੰ
ਉੱਠੋ ਹੁਣ ਵੀਰੋ ਹੌਂਸਲਾ ਕਿਉਂ ਢਾਹ ਲਿਆ
ਜ਼ਾਲਮ ਫਰੰਗੀਆਂ ਨੇ ਦੇਸ ਖਾ ਲਿਆ।[7]

ਉਹ ਅੱਗੇ ਲਿਖਦੇ ਹਨ :

ਕਦੇ ਮੰਗਿਆਂ ਮਿਲਣ ਆਜ਼ਾਦੀਆਂ ਨਾ,
ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ
ਗੱਲਾਂ ਨਾਲ ਗੁਲਾਮੀ ਨਾ ਦੂਰ ਹੋਵੇ
ਸ਼ਾਂਤਮਈ ਨਾ ਇੱਕ ਇਲਾਜ ਲੋਕੋ
ਖਾਤਰ ਆਪਣੇ ਹੱਕ ਦੇ ਲੜਨ ਜੇਹੜੇ
ਪੂਰਾ ਉਹਨਾਂ ਦੇ ਜੱਗ 'ਤੇ ਕਾਜ ਲੋਕੋ
ਪਿਆਰੀ ਜਿਨ੍ਹਾਂ ਆਜ਼ਾਦੀ ਹੈ ਜਾਨ ਨਾਲੋਂ
ਕੌਮਾਂ ਉਹਨਾਂ ਹੀ ਸਿਰਾਂ 'ਤੇ ਤਾਜ ਲੋਕੋ।[8]

ਗਦਰੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਜੇਕਰ ਭਾਰਤੀ ਇਨਕਲਾਬ ਦੀ ਗੱਲ ਲੋਕਾਂ ਵਿੱਚ ਤੋਰਨੀ ਹੈ ਅਤੇ ਆਜ਼ਾਦੀ ਲਈ ਸੰਘਰਸ਼ ਕਰਨਾ ਹੈ ਤਾਂ ਸਾਨੂੰ ਪੂਰੇ ਹਿੰਦੋਸਤਾਨ ਨੂੰ ਇੱਕਜੁੱਟ ਕਰਨਾ ਪਵੇਗਾ। ਭਾਵੇਂ ਪੂਰੇ ਭਾਰਤ ਨੂੰ ਇਕੱਠਾ ਕਰ ਕੇ ਗਦਰ ਵਿੱਚ ਸ਼ਾਮਿਲ ਕਰਨ ਵਾਲਾ ਉਹਨਾਂ ਦਾ ਸੁਪਨਾ ਪੂਰਾ ਨਹੀਂ ਹੋ ਸਕਿਆ ਪਰ ਗਦਰੀਆਂ ਦੀ ਇਹ ਸਮਝ ਕਿਸੇ ਸਫ਼ਲ ਸੰਘਰਸ਼ ਦੇ ਸੁਪਨੇ ਨੂੰ ਜਰੂਰ ਦਰਸਾਉਂਦੀ ਹੈ। ਗ਼ਦਰੀਆਂ ਦਾ ਉਦੇਸ਼ ਹਮੇਸ਼ਾਂ ਪੂਰੇ ਭਾਰਤ ਨੂੰ ਬਿਨਾਂ ਧਰਮ ਅਤੇ ਜਾਤ-ਪਾਤ ਦੇ ਭੇਦ ਤੋਂ ਇੱਕ ਸਾਂਝੇ ਉਦੇਸ ਲਈ ਇੱਕਜੁੱਟ ਕਰਨਾ ਸੀ।

ਜੇ ਕਰ ਬਚੇ ਤਾਂ ਬਚਾਂਗੇ ਇਕ ਹੋ ਕੇ
ਕੱਲੇ ਕੱਲੇ ਦਾ ਨਹੀਂ ਜੇ ਤਾਣ ਰਹਿਣਾ।
ਰਹੀ ਕੌਮ ਤਾਂ ਰਹੇਗੀ ਹਿੰਦੀਆਂ ਦੀ
ਵਤਨ ਰਿਹਾ ਤਾਂ ਹਿੰਦੋਸਤਾਨ ਰਹਿਣਾ।

ਗ਼ਦਰੀਆਂ ਦੁਆਰਾ ਹਰ ਇੱਕ ਗੱਲ ਦਾ ਬਰੀਕੀ ਨਾਲ ਅਧਿਐਨ ਕੀਤਾ ਜਾਂਦਾ ਸੀ ਅਤੇ ਤੱਥਾਂ ਦੇ ਆਧਾਰ 'ਤੇ ਆਪਣੀ ਗੱਲ ਲੋਕਾਂ ਅੱਗੇ ਰੱਖੀ ਜਾਂਦੀ ਸੀ। ਗਦਰੀ ਚੰਗੀ ਤਰਾਂ ਜਾਣਦੇ ਸਨ ਕਿ ਲੋਕਾਂ ਵਿੱਚ ਆਤਮ ਵਿਸਵਾਸ ਪੈਦਾ ਕਰਨ ਲਈ ਉਹਨਾਂ ਨੂੰ ਇਹ ਭਰੋਸਾ ਦੇਣਾ ਪਵੇਗਾ ਕਿ ਅੰਗਰੇਜ਼ਾਂ ਦੀ ਗਿਣਤੀ ਭਾਰਤੀ ਲੋਕਾਂ ਦੇ ਮੁਕਾਬਲੇ ਕੁਝ ਵੀ ਨਹੀਂ ਹੈ ਅਤੇ ਉਹ ਆਸਾਨੀ ਨਾਲ ਇਹਨਾਂ ਨੂੰ ਭਾਰਤ ਤੋਂ ਬਾਹਰ ਕੱਢ ਸਕਦੇ ਹਨ। ਗਦਰੀ ਭਾਰਤੀਆਂ ਨੂੰ ਜਾਗਰੂਕ ਕਰਨ ਲਈ ਅੰਗਰੇਜ਼ਾਂ ਦੀ ਗਿਣਤੀ 4 ਕਰੋੜ ਅਤੇ ਭਾਰਤੀਆਂ ਦੀ ਗਿਣਤੀ 30 ਕਰੋੜ ਦਾ ਜਿਕਰ ਆਪਣੇ ਭਾਸ਼ਣਾ ਅਤੇ ਕਵਿਤਾ ਵਿਚ ਕਰਦੇ ਹਨ ਤਾਂ ਜੋ ਭਾਰਤੀ ਲੋਕ ਇਕੱਠੇ ਹੋ ਕੇ ਉਨ੍ਹਾਂ ਦਾ ਵਿਰੋਧ ਕਰਨ ਲਈ ਤਿਆਰ ਹੋ ਸਕਣ। ਉਹ ਲਿਖਦੇ ਹਨ:

ਹਿੰਦੋਸਤਾਨ ਦੇ ਤੀਹ ਕਰੋੜ ਬੰਦੇ,
ਕਰਦੇ ਰਾਜ ਇਹ ਚਾਰ ਕਰੋੜ ਕਾਹਨੂੰ,
ਛੇਤੀ ਮਿਲ ਬੈਠੋ ਹਿੰਦੂ ਮੁਸਲਮਾਨੋਂ
ਤੁਸੀਂ ਬੈਠੇ ਹੋ ਵਿਚ ਅਨਜੋੜ ਕਾਹਨੂੰ।[9]

ਗ਼ਦਰ ਦੇ ਪ੍ਰਚਾਰ ਰਾਹੀਂ ਗ਼ਦਰੀਆਂ ਨੂੰ ਲਾਮਬੰਦ ਕਰਨ ਤੋਂ ਬਾਅਦ ਗ਼ਦਰੀਆਂ ਦਾ ਅਗਲਾ ਅਤੇ ਅੰਤਿਮ ਕਾਰਜ਼ ਗ਼ਦਰੀਆਂ ਨੂੰ ਵਿਦੇਸ਼ਾਂ ਤੋਂ ਭਾਰਤ ਵਿੱਚ ਗ਼ਦਰ ਕਰਨ ਲਈ ਭੇਜਣਾ ਅਤੇ ਭਾਰਤ ਅੰਦਰ ਇਹਨਾਂ ਗ਼ਦਰੀਆਂ ਲਈ ਹਥਿਆਰ ਮੁਹੱਈਆ ਕਰਵਾਉਣਾ ਸੀ। ਇਸ ਲਈ ਸਮੂਹਿਕ ਤੌਰ ਤੇ ਗ਼ਦਰੀਆਂ ਨੂੰ ਸੰਬੋਧਿਤ ਕਰਦੇ ਹੋਏ 4 ਅਗਸਤ 1914 ਨੂੰ ਫਰਿਜ਼ਨੋ (ਕੈਲੀਫੋਰਨੀਆ) ਵਿੱਚ ਹੋਈ ਮੀਟਿੰਗ ਵਿੱਚ ਰਾਮ ਚੰਦਰ ਅਤੇ ਬਰਕਤ ਉੱਲਾ ਨੇ ਗ਼ਦਰੀਆਂ ਨੂੰ ਕਿਹਾ ਸੀ:

"ਸਰੋਤਿਆਂ ਨੂੰ ਨਸੀਹਤ ਕੀਤੀ ਗਈ ਕਿ ਇੱਕ ਦਮ ਹਿੰਦੋਸਤਾਨ ਵੱਲ ਚਾਲੇ ਪਾ ਦੇਣ ਹਿੰਦੋਸਤਾਨ ਪਹੁੰਚਣ ਉੱਤੇ ਉਹਨਾਂ ਨੂੰ ਹਥਿਆਰ ਦਿੱਤੇ ਜਾਣਗੇ ਅਤੇ ਹੁਣ ਉਹ ਵਕਤ ਆਣ ਪੁੱਜਾ ਸੀ ਜਦੋਂ ਇੰਗਲੈਂਡ ਨੂੰ ਹਿੰਦੋਸਤਾਨ

ਦੀ ਸਰਜ਼ਮੀਨ ਤੋਂ ਬਾਹਰ ਕੱਢਿਆ ਜਾ ਸਕਦਾ ਸੀ ਜਦਕਿ ਇੰਗਲੈਂਡ ਖੁਦ ਜੰਗ ਵਿੱਚ ਉਲਝਿਆ ਹੋਇਆ ਸੀ। ਚੰਦੇ ਉਗਰਾਹੇ ਗਏ ਅਤੇ ਵਲੰਟੀਅਰਾਂ ਦੀ ਇਕ ਸੂਚੀ ਤਿਆਰ ਕੀਤੀ ਗਈ ਜਿਸ ਵਿੱਚ 200 ਜਾਂ 300 ਸਿੱਖਾਂ ਨੇ ਫੌਰਨ ਹਿੰਦੋਸਤਾਨ ਵੱਲ ਰਵਾਨਾ ਹੋਣ ਦਾ ਅਹਿਦ ਲਿਆ ਸੀ।"[10]

ਗ਼ਦਰੀ ਸਿਰਫ ਆਪਣੀ ਪੀੜ੍ਹੀ ਦੀ ਆਜ਼ਾਦੀ ਲਈ ਸੰਘਰਸ਼ ਨਹੀਂ ਕਰ ਰਹੇ ਸਨ ਸਗੋਂ ਆਉਣ ਵਾਲੀਆਂ ਨਸ਼ਲਾਂ ਲਈ ਸੁਨਿਹਰੀ ਭਵਿੱਖ ਖਾਤਰ ਆਪਣੇ ਪ੍ਰਾਣ ਤਿਆਗਣ ਦਾ ਜ਼ੇਰਾ ਰੱਖਦੇ ਸਨ। ਦੂਸਰੇ ਦੇਸ਼ਾਂ ਵਿੱਚ ਵਾਪਰੇ ਇਨਕਲਾਬ ਅਤੇ ਉਨਾਂ ਦੇਸ਼ਾਂ ਦੀ ਤਰੱਕੀ ਤੇ ਹੋਰਨਾਂ ਦੇਸਾਂ ਵਿੱਚ ਉਠਦੀਆਂ ਸੰਘਰਸ਼ੀ ਲਹਿਰਾਂ ਉਹਨਾਂ ਲਈ ਪ੍ਰੇਰਨਾ ਸ੍ਰੋਤ ਸਨ। ਉਹ ਜਾਣਦੇ ਸਨ ਕਿ ਸਾਰੇ ਹਿੰਦੋਸਤਾਨੀ ਲੋਕ ਰਾਜਸੀ ਤੌਰ ਤੇ ਸਮਝ ਨਹੀਂ ਰਖਦੇ ਹਨ ਪਰ ਉਹ ਉਹਨਾਂ ਨੂੰ ਜਾਗਰੂਕ ਕਰਨ ਵਿੱਚ ਕੋਈ ਕਮੀ ਨਹੀਂ ਛੱਡਣੀ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਆਪਣੇ ਸਾਹਿਤ ਰਾਹੀਂ ਦੁਨੀਆਂ ਦੇ ਦੂਸਰੇ ਦੇਸ਼ਾਂ ਵਿੱਚ ਵਸਦੇ ਭਾਰਤੀਆਂ ਦੇ ਨਾਲ-ਨਾਲ ਭਾਰਤ ਅੰਦਰ ਵੀ ਗਦਰ ਬਾਰੇ ਪ੍ਰਚਾਰ ਕਰਨਾ ਸ਼ੁਰੂ ਕੀਤਾ। ਜਿਸ ਦੀ ਹਾਮੀ ਹੇਠ ਲਿਖੀਆਂ ਗਦਰ ਕਵਿਤਾ ਦੀਆਂ ਸਤਰਾਂ ਭਰਦੀਆਂ ਹਨ:

ਪੈਹਲਾਂ ਗ਼ਦਰ ਪਾਰਟੀ ਦੇਸ਼ ਵਿੱਚ ਪ੍ਰਚਾਰ ਕਰੇ
ਖੁਲਮ-ਖੁਲਾ ਪਰਜਾ ਤਾਂਈ ਚੋਰਾਂ ਥੀਂ ਹੁਸਿਆਰ ਕਰ
ਢਾਕੇ ਮਾਰੇ ਡਾਕੂਆਂ ਉੱਤੇ ਕੱਠੇ ਵੀ ਹਥਿਆਰ ਕਰੇ
ਜੈਸਾ ਜੈਸਾ ਮੌਕਾ ਦੇਖੇ ਸਾਰਾ ਕਾਰ ਵਿਹਾਰ ਕਰੇ।[11]

ਗ਼ਦਰੀ ਜਿਥੇ ਅੰਗਰੇਜ਼ਾਂ ਨੂੰ ਹਥਿਆਰਬੰਦ ਘੋਲ ਰਾਹੀਂ ਦੇਸ਼ ਤੋਂ ਬਾਹਰ ਕਰਨ ਦੀਆਂ ਵਿਉਂਤਬਦੀਆਂ ਕਰਦੇ ਸਨ ਓਥੇ ਉਹ ਇਹ ਵੀ ਜਾਣਦੇ ਸਨ ਕਿ ਇਸ ਕਾਰਜ ਲਈ ਉਹਨਾਂ ਨੂੰ ਵੀ ਆਪਣੀਆਂ ਜਾਨਾਂ ਦੀਆਂ ਆਹੂਤੀਆਂ ਦੇਣੀਆਂ ਪੈਣਗੀਆਂ ਅਤੇ ਗਦਰ ਲਹਿਰ ਵਿੱਚ ਸ਼ਹਾਦਤ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ। ਓਹ ਇਸ ਲਈ ਭਾਰਤੀ ਲੋਕਾਂ ਨੂੰ ਵੀ ਤਿਆਰ ਕਰਦੇ ਹਨ ਅਤੇ ਗਦਰ ਸਾਹਿਤ ਰਾਹੀਂ ਇਹ ਸੁਨੇਹਾ ਲੋਕਾਂ ਵਿੱਚ ਪਹੁੰਚਾਉਂਦੇ ਹਨ:

ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ
ਯੁਧ ਵਿੱਚ ਪਵੇਗਾ ਜ਼ਰੂਰ ਮਰਨਾ
ਮਾਰ ਲਈਏ ਵੈਰੀ ਮਰ ਜਾਈਏ ਆਪ ਜਾਂ
ਕਾਇਰਤਾ ਗਰੀਬੀ ਮੁਕ ਜਾਵੇ ਤਾਪ ਤਾਂ
ਪਿਛਲੀ ਕਲੰਕੀ ਸਾਡੀ ਚੁਕੀ ਜਾਊਗੀ
ਹੋਊਗੀ ਅਜ਼ਾਦ ਨਸਲ ਸੁਖ ਪਾਊਗੀ
ਜਾਨ ਜਾਵੇ ਆਣ ਨੂੰ ਨਾ ਜਾਵੋ ਤੱਜ ਕੇ
ਬਣੀ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਜਦੋਂ ਭਾਰਤ ਵਿੱਚ ਅੰਗਰੇਜ਼ਾਂ ਦੁਆਰਾ ਗ਼ਦਰੀ ਸਾਹਿਤ ਦੀ ਰੋਕ ਲਈ ਸਖ਼ਤ ਕਦਮ ਚੁੱਕੇ ਜਾਂਦੇ ਹਨ ਤਾਂ ਗ਼ਦਰੀਆਂ ਦੁਆਰਾ ਇਸ ਦਾ ਜਵਾਬ ਹੇਠ ਲਿਖੇ ਸ਼ਬਦਾਂ ਰਾਹੀਂ ਗ਼ਦਰੀ ਸਿਪਾਹੀ ਯੋਧਿਆਂ ਤੱਕ ਪਹੁੰਚਾਇਆ ਜਾਂਦਾ ਹੈ। ਗ਼ਦਰੀਆਂ ਨੇ ਸਰਕਾਰ ਦੀ ਇਸ ਕਾਰਵਾਈ ਨੂੰ ਵੰਗਾਰਦਿਆਂ 'ਹਿੰਦੋਸਤਾਨ ਗ਼ਦਰ' ਦੀ ਨੰਬਰ 5, ਮਿਤੀ 5 ਮਈ 1914 ਵਿੱਚ 'ਜੰਗ ਦਾ ਹੋਕਾ' ਸੁਰਖੀ ਹੇਠ ਇਹ ਨੋਟ ਛਾਪਿਆ:

"ਹਿੰਦੋਸਤਾਨ ਦੇ ਲਾਟ (ਬਡੇ ਡਾਕੂ) ਨੇ ਹੁਕਮ ਦਿੱਤਾ ਹੈ ਕਿ 'ਜੰਗ ਦਾ ਹੋਕਾ' ਹਿੰਦੋਸਤਾਨ ਵਿੱਚ ਨਾ ਔਣਾ ਪਾਏ। ਅਸੀਂ ਕੈਂਹਦੇ ਹਾਂ ਡਾਕੂ ਤੂੰ ਜੰਗ ਦੇ ਹੋਕੇ ਨੂੰ ਤਾਂ ਬੰਦ ਕਰ ਦੇ ਪਰ ਅਸੀਂ ਹੱਥਾਂ ਨਾਲ ਸੱਚਾ ਜੰਗ ਕਰਨ ਨੂੰ ਤਯਾਰ ਹਾਂ। ਕਾਗਜ ਪੁਰ ਤਾਂ 'ਜੰਗ ਦੇ ਹੋਕੇ' ਨੂੰ ਬੰਦ ਕਰ ਦੇਵੇਂਗਾ ਪਰ ਸੱਚਮੁੱਚ ਦੇ ਜੰਗ ਨੂੰ ਕਿਵੇਂ ਬੰਦ ਕਰੇਂਗਾ। ਗਦਰ ਦੇ ਡਰ ਤੋਂ ਇੰਗਰੇਜ ਇਤਨੇ ਘਬਰਾ ਗਏ ਹਨ ਕਿ ਗਦਰ ਨੂੰ ਰੋਕਨੇ ਵਾਸਤੇ ਸਾਰਾ ਜੋਰ ਲਾ ਰਹੇ ਹਨ। ਗ਼ਦਰ ਦੇ ਸਪਾਹੀਓ ਤਿਯਾਰ ਹੋ ਜਾਓ ਦੁਸ਼ਮਨ ਲਲਕਾਰ ਰਿਹਾ ਹੈ।"[12]

ਗ਼ਦਰ ਲਹਿਰ ਦੀਆਂ ਸਾਰੀਆਂ ਤਿਆਰੀਆਂ ਹੋ ਜਾਣ ਤੋਂ ਬਾਅਦ ਗ਼ਦਰੀਆਂ ਨੇ ਇਸ ਦਾ ਸਮਾਂ ਪਹਿਲਾਂ 21 ਫਰਵਰੀ 1914 ਰੱਖਿਆ ਪਰ ਜਦੋਂ ਇਸ ਗੱਲ ਦੀ ਖ਼ਬਰ ਕਿਰਪਾਲ ਸਿੰਘ (ਗ਼ਦਰ ਲਹਿਰ ਦਾ ਸੂਹੀਆ) ਨੇ ਅੰਗਰੇਜ਼ ਅਧਿਕਾਰੀਆਂ ਨੂੰ ਦੇ ਦਿੱਤੀ ਤਾਂ ਗ਼ਦਰੀਆਂ ਨੇ ਇਸ ਦੀ ਤਰੀਕ ਬਦਲ ਕੇ ਦੋ ਦਿਨ ਪਹਿਲਾਂ 19 ਫਰਵਰੀ ਕਰ ਦਿੱਤੀ। ਇਹ ਹਥਿਆਰਬੰਦ ਘੋਲ ਸਫਲ ਨਾ ਹੋ ਸਕਿਆ ਅਤੇ ਗ਼ਦਰੀਆਂ ਦੀ ਵੱਡੇ ਪੱਧਰ ਤੇ ਫੜੋ-ਫੜੀ ਸ਼ੁਰੂ ਹੋ ਗਈ। ਥੋੜ੍ਹੇ ਸਮੇਂ ਵਿੱਚ ਹੀ ਗ਼ਦਰ ਲਹਿਰ ਦੇ ਮੁੱਖ ਆਗੂਆਂ ਨੂੰ ਫੜ ਲਿਆ ਗਿਆ। ਉਹਨਾਂ ਉੱਪਰ ਗ਼ਦਰ ਸਾਜਿਸ਼ ਅਧੀਨ ਮੁੱਕਦਮੇ ਚਲਾਏ ਗਏ। ਗ਼ਦਰ ਲਹਿਰ ਦੇ ਕ੍ਰਿਮੀਨਲ ਮੁਕੱਦਮਿਆਂ ਅਨੁਸਾਰ, ਬਦੇਸ਼ ਤੋਂ ਆਏ 279 ਗ਼ਦਰੀਆਂ ਉੱਪਰ ਮੁਕੱਦਮੇ ਚਲਾਏ ਗਏ, ਉਹਨਾਂ ਵਿੱਚੋਂ 46 ਨੂੰ ਫਾਂਸੀ ਦਿੱਤੀ ਗਈ, 64 ਨੂੰ ਉਮਰ ਕੈਦ ਦੀ ਸ਼ਜਾ ਦਿੱਤੀ ਗਈ ਅਤੇ 125 ਨੂੰ ਇਸ ਤੋਂ ਥੋੜ੍ਹੀ ਸ਼ਜਾ ਦਿੱਤੀ ਗਈ।[13]

ਗ਼ਦਰੀ ਆਪਣੀਆਂ ਜਾਨਾਂ ਕੁਰਬਾਨ ਕਰਨ ਤੋਂ

ਬਿਲਕੁੱਲ ਵੀ ਪਿਛੇ ਨਹੀਂ ਹਟੇ, ਉਹ ਇਸ ਨੂੰ ਇਕ ਵਿਵਹਾਰਿਕ ਸਚਾਈ ਮੰਨਦੇ ਸਨ। ਇਨ੍ਹਾਂ ਸਜ਼ਾਵਾਂ ਲਈ ਮਾਨਸਿਕ ਤੌਰ ਤੇ ਪੂਰੀ ਤਰਾਂ ਤਿਆਰ ਸਨ ਪਰ ਜਿਸ ਗੱਲ ਦਾ ਉਹ ਫਿਕਰ ਜ਼ਾਹਿਰ ਕਰਦੇ ਹਨ ਉਹ ਇਹ ਹੈ ਕਿ ਅੰਦੋਲਨ ਸਫਲ ਹੋਵੇ ਭਾਵੇਂ ਨਾ ਕਿਧਰੇ ਆਉਣ ਵਾਲੇ ਸਮੇਂ ਵਿੱਚ ਸਾਡੇ ਲੋਕ ਹੀ ਸਾਨੂੰ ਭੁਲਾ ਨਾ ਜਾਣ। ਜੇਕਰ ਅਸੀਂ ਸਫਲ ਨਹੀਂ ਹੁੰਦੇ ਤਾਂ ਕਿਤੇ ਆਉਣ ਵਾਲੀ ਪੀੜ੍ਹੀ ਸਾਡੇ ਰਾਹ ਨੂੰ ਵਿਸਾਰ ਕੇ ਸੰਘਰਸ਼ ਤੋਂ ਲਾਂਭੇ ਨਾ ਹੋ ਜਾਵੇ, ਇਸ ਲਈ ਗ਼ਦਰੀ ਆਪਣੀਆਂ ਕੁਰਬਾਨੀਆਂ ਦੀ ਭਵਿੱਖਬਾਣੀ ਕਰ ਕੇ ਆਉਣ ਵਾਲੀ ਪੀੜ੍ਹੀ ਨੂੰ ਗ਼ਦਰ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਦੇ ਹਨ:

ਹਿੰਦੋਸਤਾਨੀਓਂ ਰਖਣਾ ਯਾਦ ਸਾਨੂੰ
ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ।
ਖਾਤਿਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ
ਕਿਤੇ ਦੇਖ ਕੇ ਨਾ ਘਬਰਾ ਜਾਣਾ।
ਪਿਆਰੇ ਵੀਰਨੋ! ਚੱਲੇ ਹਾਂ ਅਸੀਂ ਜਿੱਥੇ
ਉਸੇ ਰਸਤੇ ਤੁਸੀਂ ਵੀ ਆ ਜਾਣਾ।

ਇਸ ਤਰ੍ਹਾਂ ਗ਼ਦਰ ਲਹਿਰ ਦਾ ਗੌਰਵਮਈ ਹਥਿਆਰਬੰਦ ਘੋਲ ਭਾਵੇਂ ਅੰਗਰੇਜ਼ਾਂ ਦੁਆਰਾ ਜਲਦੀ ਹੀ ਦਬਾਅ ਦਿੱਤਾ ਗਿਆ ਪਰ ਗ਼ਦਰੀਆਂ ਨੇ ਇਸ ਅੰਦੋਲਨ ਰਾਹੀਂ ਲੋਕਾਂ ਨੂੰ ਇੱਕ ਰਾਸ਼ਟਰੀਅਤਾ ਸੰਕਲਪ ਦਿੱਤਾ। ਗ਼ਦਰੀਆਂ ਨੇ ਸਿਰਫ ਸੰਘਰਸ ਦੀ ਹੀ ਗੱਲ ਨਹੀਂ ਕੀਤੀ ਸਗੋਂ ਇਹ ਵੀ ਦੱਸਿਆ ਕਿ ਇਸ ਸੰਗਰਸ਼ ਤੋਂ ਬਾਅਦ ਜਦ ਅੰਗਰੇਜ਼ ਭਾਰਤ ਛੱਡ ਕੇ ਚਲੇ ਜਾਣਗੇ ਤਾਂ ਭਾਰਤੀ ਸੰਵਿਧਾਨ ਕਿਸ ਤਰ੍ਹਾਂ ਦਾ ਹੋਵੇਗਾ। ਭਾਰਤ ਦਾ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਪ੍ਰਬੰਧ ਕਿਸ ਤਰੀਕੇ ਨਾਲ ਚਲੇਗਾ। ਕਿਰਤ ਹੱਥੋਂ ਕਿਰਤ ਦੀ ਲੁੱਟ ਦਾ ਖ਼ਤਮਾ, ਆਪਣੇ ਦੇਸ਼ ਅੰਦਰ ਅਤੇ ਧਰਮ ਦੇ ਭੇਦ ਭਾਵ ਤੋਂ ਬਿਨਾਂ ਸਭ ਲਈ ਬਰਾਬਰਤਾ ਦਾ ਅਧਿਕਾਰ, ਗਦਰੀਆਂ ਦਾ ਰਾਜਨੀਤਿਕ ਟੀਚਾ ਸੀ। ਗ਼ਦਰ ਲਹਿਰ ਦੁਆਰਾ ਲਗਾਈ ਗਈ ਆਜ਼ਾਦੀ ਦੀ ਜਾਗ ਅੱਗੇ ਚੱਲ ਕੇ ਹੋਰ ਵਿਕਸਿਤ ਹੋਈ ਅਤੇ ਭਵਿੱਖ ਵਿੱਚ ਬਹੁਤ ਸਾਰੇ ਇਨਕਲਾਬੀ ਗ਼ਦਰੀਆਂ ਨੂੰ ਆਪਣਾ ਆਦਰਸ਼ ਮੰਨਦੇ ਹੋਏ ਇਹਨਾਂ ਦੇ ਰੁਸ਼ਨਾਏ ਹੋਏ ਰਾਹ ਉੱਤੇ ਚਲਦੇ ਰਹੇ।

**ਫੁੱਟ-ਨੋਟ**

1. Sohan Singh Josh, *Hindustan Gadar Party: A Short History,* Desh Bhagat Yadgar Committee, Jalandhar, Jalandhar, 2007, p. 200.

2. *Ibid*, p. 195.

3. ਗ਼ਦਰ ਦੀ ਗੂੰਜ ਵਿੱਚੋਂ, ਡਾ. ਪ੍ਰਿਥਵੀ ਰਾਜ ਕਾਲੀਆ, ਗ਼ਦਰ ਲਹਿਰ ਅਤੇ ਹਿੰਦੋਸਤਾਨ ਦੀ ਸਾਮਰਾਜ ਵਿਰੋਧੀ ਜੱਦੋ-ਜਹਿਦ, ਕੈਨੇਡਾ, 2013, ਪੰਨਾ. 402

4. *Ghadr Movement Original Documents,* Vol. I, Lahore Conspiracy Case I and II, p. 124, Malwinder Jit Singh Waraich, Harjinder Singh, 2008, Unistar Publishers, Chandigarh.

5. ਡਾ. ਪ੍ਰਿਥਵੀ ਰਾਜ ਕਾਲੀਆ, ਗ਼ਦਰ ਲਹਿਰ ਅਤੇ ਹਿੰਦੋਸਤਾਨ ਦੀ ਸਾਮਰਾਜ ਵਿਰੋਧੀ ਜੱਦੋ-ਜਹਿਦ, ਕੈਨੇਡਾ, 2013, ਪੰਨਾ. 527

6. ਬਾਬਾ ਸੋਹਣ ਸਿੰਘ ਭਕਨਾ, ਜੀਵਨ ਸੰਗਰਾਮ ਅਤੇ ਹੋਰ ਲਿਖਤਾਂ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ, 1966, ਪੰਨਾ. 2

7. ਭਗਤ ਸਿੰਘ ਬਿਲਗਾ, ਗ਼ਦਰ ਲਹਿਰ ਦੇ ਅਣਫਰੋਲੇ ਵਰਕੇ, ਦੇਸ ਭਗਤ ਯਤਦਗਾਰ ਹਾਲ, ਜਲੰਧਰ, 1989, ਪੰਨਾ. 46

8. ਡਾ. ਗੁਰਦੇਵ ਸਿੰਘ ਸਿੱਧੂ, (ਸੰਪਾ), ਬੰਦੀ ਬੋਲ, ਪੰਨਾ, 64

9. ਭਗਤ ਸਿੰਘ ਬਿਲਗਾ, ਗ਼ਦਰ ਲਹਿਰ ਦੇ ਅਣਫਰੋਲੇ ਵਰਕੇ, ਦੇਸ ਭਗਤ ਯਤਦਗਾਰ ਹਾਲ, ਜਲੰਧਰ, 1989, ਪੰਨਾ. 40

10. *Ghadr Movement Original Documents*, Vol. I, Lahore Conspiracy Case I and II, p. 123, Malwinder Jit Singh Waraich, Harjinder Singh, 2008, Unistar Publishers, Chandigarh.

11. ਓਹੀ।

12. ਹਿੰਦੋਸਤਾਨ ਗ਼ਦਰ, 5 ਮਈ, 1914

13. S.N. Aggarwal, *The Heroes of Cellular Jail,* Rupa Publications, Delhi, 2007p. 176.

# ਕੰਨਿਆ ਭਰੂਣ ਹੱਤਿਆ

**ਮਨਪ੍ਰੀਤ ਕੌਰ, 8929201405**

ਭਾਰਤੀ ਸਮਾਜ ਵਿੱਚ ਸਮੇਂ ਤੇ ਸਥਾਨ ਦੇ ਪਰੀਵਰਤਨ ਦੇ ਨਾਲ-ਨਾਲ ਇਸਤਰੀ ਦੀ ਸਮਾਜਿਕ ਤੇ ਪਰਿਵਾਰਿਕ ਦਸ਼ਾ ਬਦਲਦੀ ਰਹੀ ਹੈ। ਕਿਸੇ ਸਮੇਂ ਨਾਰੀ ਵਿਲਾਸਤਾ ਦਾ ਸਾਧਨ, ਗੁਲਾਮ ਅਤੇ ਸਮਾਜਿਕ ਤੋਰ ਤੇ ਘਟੀਆ ਜੀਵ ਸਮਝੀ ਜਾਂਦੀ ਸੀ। ਸਤੀ ਪ੍ਰਥਾ, ਬਾਲ ਵਿਆਹ ਅਤੇ ਵਿਧਵਾ ਵਿਆਹ ਦੀ ਮਨਾਹੀ ਔਰਤ ਦੀ ਮਜਬੂਰੀ ਸੀ। ਉਸ ਸਮੇਂ ਕੁੜੀਆਂ ਨੂੰ ਜਨਮ ਸਮੇਂ ਹੀ ਮਾਰ ਦੇਣਾ ਜਾਂ ਵੇਚ ਦੇਣਾ ਇਕ ਆਮ ਰਿਵਾਜ਼ ਸੀ। ਇਸਤਰੀ ਦੀ ਪਰਿਵਾਰਿਕ ਤੇ ਸਮਾਜਿਕ ਜ਼ਿੰਦਗੀ ਬੜੀ ਨਿਘਰੀ ਹੋਈ ਤੇ ਤਰਸਯੋਗ ਸੀ। ਹਾਲਾਂਕਿ ਅਜਿਹਾ ਸਿਰਫ਼ ਭਾਰਤ ਵਿਚ ਹੀ ਨਹੀਂ ਸਗੋਂ ਸੰਸਾਰ ਦੇ ਦੂਜੇ ਦੇਸ਼ਾਂ ਵਿਚ ਵੀ ਵਾਪਰ ਰਿਹਾ ਸੀ ਪਰ ਭਾਰਤ ਦੀ ਧਰਤੀ ਜਿੱਥੇ ਅਨੇਕਾਂ ਪੀਰਾਂ,.ਫਕੀਰਾਂ, ਸੰਤਾਂ, ਮਹਾਪੁਰਸ਼ਾਂ ਨੇ ਜਨਮ ਲਿਆ ਅਤੇ ਜਿਥੋਂ ਦੀ ਧਰਤੀ ਤੇ ਅਨੇਕਾਂ ਪਵਿਤਰ ਗ੍ਰੰਥਾਂ, ਵੇਦਾਂ, ਸ਼ਾਸਤਰਾਂ, ਉਪਨਿਸ਼ਦਾਂ ਦੀ ਰਚਨਾ ਹੋਈ ਉਥੇ ਵੀ ਨਾਰੀ ਦਾ ਜੀਵਨ ਦੁਖਾਂ, ਮੁਸੀਬਤਾਂ ਤੇ ਮਜਬੂਰੀਆਂ ਨਾਲ ਭਰਿਆ ਪਿਆ ਸੀ।

ਸ਼ੰਕਰਾਚਾਰੀਆ ਜਿਹੇ ਵਿਦਵਾਨ ਇਸਤਰੀ ਨੂੰ ਨਰਕ ਦਾ ਦੁਆਰ ਅਤੇ ਮਦਿਰਾ ਦੇ ਰੂਪਕ ਦੇ ਰਹੇ ਸਨ।

ਹਿੰਦੀ ਦੇ ਪ੍ਰਸਿਧ ਭਗਤ ਕਵੀ ਗੋਸਵਾਮੀ ਤੁਲਸੀਦਾਸ ਨੇ ਇਹ ਕਹਿ ਕੇ ਇਸਤਰੀ ਦਾ ਸਥਾਨ ਸਮਾਜ ਵਿਚ ਨਿਸਚਿਤ ਕਰ ਦਿੱਤਾ ਸੀ :

ਢੋਰ, ਗਵਾਰ, ਸ਼ੂਦਰ, ਪਸ਼ੂ, ਨਾਰੀ
ਯੇ ਸਭ ਤਾੜਨ ਕੇ ਅਧਿਕਾਰੀ।

ਇਸਤਰੀ ਪ੍ਰਤੀ ਅਜਿਹੀ ਪਿਛਾਂਹ ਖਿਚੂ ਸੋਚ ਅਤੇ ਇਸਤਰੀ ਬਾਰੇ ਤੰਗਦਿਲੀ ਦੀਆਂ ਹੋਰ ਅਨੇਕਾਂ ਮਿਸਾਲਾਂ ਉਸ ਸਮੇਂ ਆਮ ਮਿਲਦੀਆਂ ਸਨ। ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਦੀ ਸੋਚ ਨੂੰ ਕੁਚਲਿਆ ਜਾ ਰਿਹਾ ਸੀ। ਉਸ ਦਾ ਕੰਮ ਘਰ ਦੀ ਚਾਰਦੀਵਾਰੀ ਵਿਚ ਰਹਿ ਕੇ ਪਤੀ ਨੂੰ ਪਰਮੇਸ਼ਵਰ ਜਾਣ ਕੇ ਉਸ ਦੀ ਤੇ ਉਸਦੇ ਪਰੀਵਾਰ ਦੀ ਸੇਵਾ ਕਰਨਾ ਤੇ ਰੁੱਖਾ ਮਿੱਸਾ ਖਾ ਕੇ ਸਮਾਂ ਗੁਜਾਰ ਦੇਣਾ ਹੀ ਉਸਦੀ ਜੀਵਨ ਸ਼ੈਲੀ ਸੀ ਪਰ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਅਹਿਮਿਅਤ ਨੂੰ ਸਮਝਦੇ ਹੋਏ ਸਮਾਜ ਨੂੰ ਸੇਧ ਦੇਣ ਦਾ ਫੈਸਲਾ ਕੀਤਾ ਅਤੇ ਸਮੇਂ ਦੇ ਹੁਕਮਰਾਨਾਂ ਤੇ ਵੰਗਾਰ ਪਾਈ ਤੇ ਫ਼ਰਮਾਨ ਕੀਤਾ-

ਸੋ ਕਿਉ ਮੰਦਾ ਆਖੀਐ ਜਿਤ ਜੰਮੈ ਰਾਜਾਨ॥

ਅਰਥਾਤ ਦੁਨੀਆ ਦੇ ਸਾਰੇ ਕਾਰ ਵਿਹਾਰ ਜਿਸ ਇਸਤਰੀ ਨਾਲ ਚਲਦੇ ਹਨ ਅਤੇ ਸਮਾਜਿਕ ਤੇ ਪਰਿਵਾਰਿਕ ਜੀਵਨ ਨੂੰ ਸੁਖਾਵਾਂ ਅਤੇ ਸਾਵਾ ਪੱਧਰਾ ਰਖਣ ਲਈ ਇਸਤਰੀ ਦੀ ਅਹਿਮ ਭੂਮਿਕਾ ਹੈ।ਉਸ ਇਸਤਰੀ ਨੂੰ ਕਿਓਂ ਬੁਰਾ ਸਮਝਿਆ ਜਾਂਦਾ ਹੈ। ਜਿਸ ਦੇ ਕਰਕੇ ਸਾਰਾ ਸੰਸਾਰ ਚਲਦਾ ਹੈ ਤੇ ਜਿਸਦੇ ਕਰਕੇ ਹੀ ਮਨੁੱਖ ਦੁਨੀਆ ਤੇ ਆਂਦਾ ਹੈ। ਅਜਿਹੀ ਇਸਤਰੀ ਜੋ ਰਾਜਿਆਂ ਨੂੰ ਜਨਮ ਦੇਦੀ ਹੈ ਉਸ ਇਸਤਰੀ ਦਾ ਸਮਾਜ ਕਿਵੇਂ ਤੇ ਕਿਓਂ ਤਿਰਸਕਾਰ ਕਰਦਾ ਹੈ।

ਗੁਰੂ ਜੀ ਦੇ ਉਕਤ ਮਹਾਵਾਕ ਦੀ ਸੱਚਾਈ ਲਈ ਇਤਿਹਾਸ ਵੀ ਗਵਾਹ ਹੈ। ਕਾਲੀਦਾਸ ਦੀ ਪਤਨੀ ਵਿਦਯੋਤਮਾ, ਸ਼ਿਵਾ ਜੀ ਦੀ ਮਾਤਾ ਜੀਜਾਬਾਈ, ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ, ਮਾਤਾ ਗੁਜਰੀ ਜੀ ਅਤੇ ਗੁਰੂ ਨਾਨਕ ਦੇਵ ਜੀ ਦੀ ਭੈਣ ਬੀਬੀ ਨਾਨਕੀ ਜੀ ਦੀ ਸਮਾਜ ਨੂੰ ਦਿੱਤੀ ਦੇਣ ਨੂੰ ਕੌਣ ਭੁੱਲ ਸਕਦਾ ਹੈ।

ਪਰ ਸਮੇਂ ਦੇ ਪਰੀਵਰਤਨ ਦੇ ਨਾਲ ਨਾਲ ਅਜ ਇਕੀਵੀਂ ਸਦੀ ਵਿਚ ਵੀ ਬੁਨਿਆਦੀ ਤੌਰ ਤੇ ਨਾਰੀ ਦੀ ਦਸ਼ਾ ਵਿਚ ਕੋਈ ਭਾਰੀ ਪਰੀਵਰਤਨ ਨਹੀਂ ਆਇਆ ਅਜ ਭਾਵੇਂ ਇਸਤਰੀ, ਪੁਰਸ਼ ਦੇ ਮੌਢੇ ਨਾਲ ਮੌਢਾ ਜੋੜ ਕੇ ਉਸਦੀ ਸਮਾਜਿਕ ਬਰਾਬਰੀ ਦੀ ਹਕਦਾਰ ਤੇ ਆਰਥਿਕ ਦਸ਼ਾ ਦੀ ਭਾਈਵਾਲ ਬਣ ਚੁਕੀ ਹੈ ਪਰ ਅਜ ਵੀ ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਨਾਲ ਕਈਂ ਥਾਂਵਾਂ ਤੇ ਧੱਕਾ ਕੀਤਾ ਜਾ ਰਿਹਾ ਹੈ। ਉਸਨੂੰ ਦੁਨੀਆ ਤੇ ਆਣ ਲਈ

ਰੋਕਣ ਦੇ ਉਪਾਅ ਕੀਤੇ ਜਾ ਰਹੇ ਹਨ। ਅਜ ਵੀ ਕੰਨਿਆ ਜਨਮ ਤੇ ਪਰੀਵਾਰਾਂ ਵਿਚ ਉਦਾਸੀ ਤੇ ਮਾਤਮ ਛਾ ਜਾਂਦਾ ਹੈ।

ਸਰਕਾਰ ਵਲੋਂ ਕੰਨਿਆ ਭਰੂਣ ਹਤਿਆ ਨੂੰ ਗੈਰ ਕੰਨੂਨੀ ਕਰਾਰ ਦੇਣ ਦੇ ਬਾਦ ਵੀ ਇਸ ਸਮਸਿਆ ਦਾ ਕੋਈ ਠੋਸ ਸਮਾਧਾਨ ਨਜ਼ਰ ਨਹੀਂ ਆਂਦਾ ਹਾਲਾਂਕਿ ਕੰਨਿਆ ਭਰੂਣ ਹਤਿਆ ਨੂੰ ਰੋਕਣ ਲਈ ਲੋਕਾਂ ਦੇ ਮਨਾਂ ਵਿਚ ਇਸ ਗਲ ਦਾ ਸਮਾਜਿਕ , ਧਾਰਮਿਕ ਅਤੇ ਨੈਤਿਕ ਪਖ ਵੀ ਇਸ ਨੂੰ ਪਾਪ ਦਾ ਦਰਜਾ ਦਿੰਦਾ ਹੈ, ਪਰ ਅਜ ਦੇ ਸਮੇਂ ਦੀ ਵਿਵਹਾਰਿਕ ਮੰਗ ਤੇ ਪੇਸੇ ਦੀ ਦੌੜ ਅਤੇ ਵਿਗਿਆਨਿਕ ਤਰੱਕੀ ਦਾ ਭਰਪੂਰ ਫਾਇਦਾ ਚੁਕਦੇ ਹੋਏ ਕੰਨਿਆਵਾਂ ਨੂੰ ਕੁੱਖ ਵਿਚ ਹੀ ਕੁਚਲਿਆ ਜਾ ਰਿਹਾ ਹੈ।

ਪਿਛਲੇ ਸਾਲ ਦਿਸੰਬਰ 2008 ਵਿਚ ਯੂਨੀਸੈਫ ਵਲੋਂ ਕਰਵਾਏ ਗਏ ਇਕ ਸਰਵੇਖਣ ਮੁਤਾਬਿਕ ਲਗਭਗ ਪਿਛਲੇ 20 ਵਰ੍ਹਿਆਂ ਤੋਂ ਕੰਨਿਆ ਭਰੂਣ ਹਤਿਆ ਦੇ ਮਾਮਲਿਆਂ ਵਿਚ ਨਿਰੰਤਰ ਵਾਧਾ ਹੋਇਆ ਹੈ। ਸਰਵੇ ਮੁਤਾਬਿਕ ਕੰਨਿਆ ਨੂੰ ਜਨਮ ਤੋਂ ਪਹਿਲਾਂ ਜਾਂ ਜਨਮ ਦੇ ਫੋਰਨ ਬਾਅਦ ਉਸਦਾ ਖਾਤਮਾ ਕੀਤਾ ਜਾ ਰਿਹਾ ਹੈ।

ਭਾਰਤ ਵਿਚ ਸਾਲ 2001 ਵਿਚ ਕਰਵਾਏ ਗਏ ਇਕ ਸਰਵੇਖਣ ਮੁਤਾਬਿਕ ਰਾਸ਼ਟਰੀ ਪੱਧਰ ਤੇ 1000 ਮੁੰਡਿਆਂ ਪਿਛੇ 933 ਕੰਨਿਆਵਾਂ ਦਾ ਜਨਮ ਦਰਜ ਕੀਤਾ ਗਿਆ। ਜਿਸ ਅਨੁਸਾਰ ਪੰਜਾਬ ਵਿਚ 1000 ਮੁੰਡਿਆਂ ਪਿਛੇ 798 ਕੰਨਿਆਵਾਂ, ਦਿੱਲੀ ਵਿਚ 821 ਕੰਨਿਆਵਾਂ ਅਤੇ ਹਰਿਆਣਾ ਵਿਚ ਮਾਤਰ 861 ਕੰਨਿਆਵਾਂ ਦੀ ਜਨਮ ਦਰ ਨੂੰ ਰਿਕਾਰਡ ਕੀਤਾ ਗਿਆ। ਇਸੇ ਤਰ੍ਹਾਂ ਦੇਸ਼ ਦੇ ਵੱਖ-ਵੱਖ ਹਿਸਿਆਂ ਵਿਚ ਕੰਨਿਆ ਜਨਮ ਤੇ ਰੋਕ ਲਗਾਣ ਦੇ ਅਨੇਕਾਂ ਮਾਮਲੇ ਸਾਹਮਣੇ ਆਏ ਹਨ।

ਭਾਰਤ ਸਰਕਾਰ ਨੇ ਕੰਨਿਆ ਭਰੂਣ ਹੱਤਿਆ ਦੇ ਮਾਮਲਿਆ ਤੇ ਸਮੇਂ ਸਮੇਂ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਅਤੇ ਲੋਕਾਂ ਵਿਚ ਜਾਗਰੁਕਤਾ ਲਿਆਉਣ ਲਈ ਇਸਨੂੰ ਰਾਸ਼ਟਰੀ ਸਮਸਿਆ ਦਾ ਨਾਰਾ ਦਿੱਤਾ ਹੈ। ਯੂਨੀਅਨ ਮਿਨਿਸਟਰ ਆਫ ਸਟੇਟ ਫਾਰ ਵੁਮੈਨ ਐਂਡ ਚਾਈਲਡ ਡਿਵੈਲਪਮੈਂਟ, ਸ਼੍ਰੀਮਤੀ ਰੇਣੂਕਾ ਚੌਧਰੀ ਨੇ ਇਸ ਦਿਸ਼ਾ ਵਲ ਬੜੇ ਹੀ ਸਕਾਰਾਤਮਕ ਕਦਮ ਚੁਕੇ ਹਨ ਅਤੇ ਕਨਿਆਂਵਾਂ ਦੀ ਭਲਾਈ ਤੇ ਉਜਵਲ ਭਵਿੱਖ ਲਈ ਅਨੇਕਾਂ ਲਾਭਕਾਰੀ ਯੋਜਨਾਵਾਂ ਵੀ ਅਰੰਭ ਕੀਤੀਆਂ ਹਨ।

ਅਜ ਦੇ ਬਦਲਦੇ ਦੌਰ ਵਿਚ ਜਿੱਥੇ ਨਾਰੀ ਮਰਦਾਂ ਦੀ ਸਦੀਆਂ ਪੁਰਾਣੀਆਂ ਲੀਹਾਂ ਨੂੰ ਤੋੜਦੇ ਹੋਏ ਪੁਰਸ਼ ਦੀ ਸਮਾਜਿਕ ਤੇ ਪਰਿਵਾਰਕ ਜਿੰਮੇਦਾਰੀ ਨੂੰ ਪਛਾਣਦੇ ਹੋਏ ਉਸਦੇ ਮੋਢੇ ਨਾਲ ਮੋਢਾ ਜੋੜ ਕੇ ਉਸਦੀ ਆਰਥਿਕ ਦਸ਼ਾ ਸੁਧਾਰਣ ਵਿਚ ਵੀ ਅਪਣਾ ਮਹਤਵਪੂਰਣ ਯੋਗਦਾਨ ਦੇ ਰਹੀ ਹੈ ਅਜਿਹੇ ਸਮੇਂ ਨਾਰੀ ਨੂੰ ਕੁੱਖ ਵਿਚ ਹੀ ਕੁਚਲ ਦੇਣਾ ਕਿਥੋਂ ਦਾ ਇਨਸਾਫ ਹੈ।

ਕੰਨਿਆ ਭਰੂਣ ਹਤਿਆ ਦੇ ਖਿਲਾਫ ਨਿਰੇ ਕਾਨੂੰਨ ਬਣਾਣ ਨਾਲ ਇਸ ਸਮਸਿਆ ਦਾ ਹਲ ਨਹੀਂ ਲਭਿਆ ਜਾ ਸਕਦਾ। ਇਸ ਸਮਸਿਆ ਦੇ ਨਿਦਾਨ ਲਈ ਸਰਕਾਰ ਨੂੰ ਸਖਤ ਕਦਮ ਚੁੱਕਣੇ ਪੈਣਗੇ ਅਤੇ ਦੋਸ਼ੀ ਵਿਅਕਤੀਆਂ ਦੇ ਖਿਲਾਫ ਸਖ਼ਤ ਸਜ਼ਾ ਦਾ ਬੰਦੋਬਸਤ ਕਰਨਾ ਪਏਗਾ। ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ, ਨਰਸਿੰਗ ਹੋਮਾਂ ਨੂੰ ਕੜੇ ਨਿਰਦੇਸ਼ ਦੇ ਕੇ ਉਨਾਂ ਦੀ ਕਰੜੀ ਨਿਗਰਾਨੀ ਕਰਨੀ ਹੋਏਗੀ।

ਗਰਭਵਤੀ ਇਸਤ੍ਰੀਆਂ ਦੀ ਰਜਿਸਟਰੇਸ਼ਨ ਕੀਤੇ ਜਾਣ, ਲੈਬਾਰਟਰੀਆਂ ਵਿਚ ਲਿੰਗ ਭੇਦ ਦੀ ਜਾਂਚ ਦੀ ਸਖਤ ਮਨਾਹੀ ਅਤੇ ਸ਼ਹਿਰਾਂ ਤੇ ਪਿੰਡਾਂ ਵਿਚ ਜਾਗਰੁਕਤਾ ਕੈਂਪ ਲਾ ਕੇ, ਮੀਡੀਆ ਦੀ ਮਦਦ ਨਾਲ ਪ੍ਰਚਾਰ ਕਰਕੇ, ਵਿਗਿਆਪਨਾਂ ਦੀ ਮਦਦ ਨਾਲ ਅਤੇ ਲੋਕਾਂ ਨੂੰ ਠੀਕ ਢੰਗ ਨਾਲ ਸਿਖਿਅਤ ਕਰਕੇ ਹੀ ਇਸ ਦਿਸ਼ਾ ਵਿਚ ਕੁਝ ਸਕਾਰਾਤਮਕ ਕਾਰਵਾਈ ਕੀਤੀ ਜਾ ਸਕਦੀ ਹੈ। ਹਾਲਾਂਕਿ ਸਰਕਾਰ ਇਸ ਪਾਸੇ ਪਹਿਲਾਂ ਤੋਂ ਹੀ ਵਡੇ ਪੱਧਰ ਤੇ ਕਾਰਜਸ਼ੀਲ ਹੈ ਪਰ ਇਸ ਦਿਸ਼ਾ ਵਿਚ ਅਜੇ ਵੀ ਹੋਰ ਬਹੁਤ ਕੁਝ ਕੀਤਾ ਜਾਣਾ ਲੋੜੀਂਦਾ ਹੈ।

ਭਰੂਣ ਹਤਿਆ ਮਾਤਰ ਜੀਵ ਹਤਿਆ ਹੀ ਨਹੀਂ ਸਗੋਂ ਇਕ ਕੁਲ ਦਾ ਨਾਸ਼ ਹੈ। ਸਮਾਜ ਨੂੰ ਠੀਕ ਸੇਧ ਦੇਣ ਲਈ ਇਸ ਦਿਸ਼ਾ ਵਿਚ ਸਰਕਾਰ ਦੀ ਮਦਦ ਨਾਲ ਹੀ ਲੋਕਾਂ ਦੀ ਅਪਣੀ ਮਦਦ ਹੋ ਸਕਦੀ ਹੈ। ਸਾਨੂੰ ਇਹ ਕਦੀ ਨਹੀਂ ਭੁਲਣਾ ਚਾਹੀਦਾ ਕਿ ਅਜ ਦੀ ਨਾਰੀ ਹੀ ਕਲ ਦਾ ਭਵਿਖ ਹੈ, ਕਿਉਂਕਿ ਨਾਰੀ ਜਨਮਦਾਤੀ ਹੈ ਅਤੇ ਕੁਦਰਤ ਦੀ ਸਭ ਤੋਂ ਵਡੀ ਦੇਣ ਹੈ।

.....................................................

# ਪ੍ਰੇਮ ਦਾ ਪਾਤਰ : ਪਦਮ ਸ੍ਰੀ ਸੁਰਜੀਤ ਪਾਤਰ ਅਤੇ ਨਾਮਧਾਰੀ-ਸਿੱਖ ਸਮਾਜ



**ਹਰਪਾਲ ਸਿੰਘ ਸੇਵਕ**
**9414601321**

ਸਤਿਗੁਰੂ ਜੀ ਦੇ ਸਨਮੁਖ ਸੰਗਤਾਂ ਦੀ ਹਾਜ਼ਰੀ ਵਿੱਚ ਆਪ ਨੇ ਨਜ਼ਮ ਪੇਸ਼ ਕੀਤੀ। ਦੋ ਕੁ ਬੰਦ ਪਾਠਕਾਂ ਦੇ ਦ੍ਰਿਸ਼ਟੀਗੋਚਰ ਹਨ-

'ਹੇ ਕਵਿਤਾ ਮੈਂ ਮੁੜ ਆਇਆ ਹਾਂ,
ਤੇਰੇ ਉੱਚੇ ਦੁਆਰ,
ਜਿੱਥੇ ਹਰਦਮ ਸਰਗਮ ਗੂੰਜੇ
ਹਰ ਗ਼ਮ ਦਏ ਨਿਵਾਰ।
ਅੱਥਰੂ ਜਿੱਥੇ ਚੜ੍ਹਨ ਚੜ੍ਹਾਵਾ
ਜਾਂ ਸਿਸਕੀ ਜਾਂ ਹਉਕਾ ਹਾਵਾ,
ਦੁਖੜੇ ਦੇ ਕੇ ਮੁਖੜੇ ਲੈ ਜਾਓ,
ਗੀਤਾਂ ਦੇ ਸ਼ਿੰਗਾਰ।'........

ਸਤਿਗੁਰੂ ਜਗਜੀਤ ਸਿੰਘ ਜੀ ਜਿਨ੍ਹਾਂ ਨੂੰ ਪਾਤਰ ਜੀ 'ਸਾਜ਼-ਨਿਵਾਜ਼, ਦਿਲਰੁਬਾ, ਰੂਹ ਦੇ ਰਾਗ ਅਤੇ ਸੁਰ-ਕਰਤਾ ਤਨ ਮਨ, ਰੂਹ ਦੇ ਸਾਜ਼' ਆਦਿ ਸ਼ਬਦਾਂ ਨਾਲ ਅਰਪਿਤ ਹੁੰਦੇ ਹਨ। ਸ੍ਰੀ ਭੈਣੀ ਸਾਹਿਬ ਦੀ ਉਪਮਾ ਵਿੱਚ ਲਿਖਦੇ ਹਨ- 'ਜਿੱਥੇ ਹਰ ਦਮ ਸਰਗਮ ਗੂੰਜੇ, ਹਰ ਗ਼ਮ ਦਏ ਨਿਵਾਰ।'

ਸੰਨ 2012 ਈ. ਅੱਸੂ ਦੇ ਮੇਲੇ ਸਮੇਂ ਪਾਤਰ ਜੀ ਨੇ ਆਖਰੀ ਵੇਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਜੋ ਨਜ਼ਮ ਪੇਸ਼ ਕੀਤੀ, ਪ੍ਰਭੂ ਪਰਮੇਸ਼ਰ ਦੀ ਉਸਤਤ ਵਿੱਚ ਹੋ ਰਹੀ ਸਮੁੱਚੀ ਕਾਇਨਾਤ ਦੀ ਆਰਤੀ ਕਰਦੇ ਝੂਮਦੇ ਰੁੱਖਾਂ-ਬਿਰਖਾਂ ਨਾਲ ਗੁਰੂ ਦਰਬਾਰ ਵਿੱਚ ਸਜੀਆਂ ਸੰਗਤਾਂ ਦੀ ਤੁਲਨਾ ਕਰਦੇ ਹਨ-

'ਤੇਰੀ ਲੋਏ
ਲਫਜ਼ ਪਰੋਏ
ਮਿਟ ਸਾਰੇ ਗ਼ਮ ਸਰਗਮ ਹੋਏ;
ਹਰ ਰੁੱਖ ਸਾਜ਼ ਜਿਹਾ ਵਜਦਾ ਹੈ,
ਪੱਤਾ ਪੱਤਾ ਸੁਰ ਲਗਦਾ ਹੈ,
ਇਹ ਦਰਬਾਰ ਸਦਾ ਸਜਦਾ ਹੈ,
ਰਿਸ਼ਮਾਂ ਕਿਰਣਾਂ ਬੁਣਨ ਚੰਦੋਏ।
ਤੇਰੀ ਲੋਏ....
ਬੀਤੇ ਯੁਗ ਤੇ ਲੰਘੀਆਂ ਸਦੀਆਂ,
ਭੁੱਲੀਆਂ ਨਾ ਆਪਣੇ ਰਾਹ ਨਦੀਆਂ,
ਹਰ ਪਲ ਸ਼ਹੁ ਸਾਗਰ ਵਲ ਵਧੀਆਂ,
ਕਿੰਨੀ ਵੀ ਰਾਤ ਅੰਧੇਰੀ ਹੋਏ।
ਤੇਰੀ ਲੋਏ.... ਲਫ਼ਜ਼ ਪਰੋਏ....।

ਸੁਰਜੀਤ ਪਾਤਰ ਗਰੀਬੀ ਤੋਂ, ਜ਼ਮੀਨ ਤੋਂ ਉੱਠਿਆ ਉਹ ਸ਼ਖਸ ਸੀ, ਜਿਸ ਨੇ ਜੀਵਨ ਵਿੱਚ ਕਰਮ, ਸਾਧਨਾ ਨਾਲ ਉੱਚ ਮੁਰਾਤਬਾ ਹਾਸਲ ਕੀਤਾ ਪਰ ਜੀਵਨ ਭਰ ਉਸੇ ਜ਼ਮੀਨ ਨਾਲ, ਪਿੰਡ ਨਾਲ ਜੁੜੇ ਰਹੇ, ਜਿੱਥੇ ਉਹ ਪੈਦਾ ਹੋਏ ਸਨ, ਨਿਮਰਤਾ ਨੂੰ, ਹਲੀਮੀ ਨੂੰ, ਗਰੀਬੀ ਨੂੰ ਉਨ੍ਹਾਂ ਜੀਵਨ ਭਰ ਸੰਭਾਲ ਕੇ ਰੱਖਿਆ। ਉਹੋ ਗਰੀਬੀ ਜੋ ਸਾਡੇ ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ, ਪ੍ਰਮੇਸ਼ਰ ਦੇ ਦਰਬਾਰ ਵਿੱਚੋਂ ਸ੍ਰਿਸ਼ਟੀ ਦੇ ਕਲਿਆਣ ਵਾਸਤੇ ਲੈ ਕੇ ਆਏ-

**'ਬਾਬਾ ਪੈਧਾ ਸਚਖੰਡ ਨਉਨਿਧਿ ਨਾਮੁ ਗਰੀਬੀ ਪਾਈ।'**

ਅਤੇ ਇਹੋ ਗਰੀਬੀ ਹੀ - 'ਖਿਮਾ ਗਰੀਬੀ ਬੰਦਗੀ ਇਹ ਸੰਤਨ ਕੀ ਰੀਤ।'

ਅਸੀਂ ਕਹਿ ਸਕਦੇ ਹਾਂ ਕਿ ਪਾਤਰ ਸਾਹਿਬ ਇੱਕ 'ਸੰਤ ਸਾਹਿਤਕਾਰ' ਸਨ, ਜ਼ੁਲਮ ਦੇ ਵਿਰੁੱਧ ਅਤੇ ਮਜ਼ਲੂਮਾਂ ਦੇ ਹੱਕ ਵਿੱਚ ਉਹ 'ਸਿਪਾਹੀ ਕਵੀ' ਸਨ। ਮਾਂ ਬੋਲੀ ਪੰਜਾਬੀ ਦੇ ਲਾਡਲੇ ਸਪੂਤ ਸਨ, ਪਾਤਰ ਜੀ ਉਹ ਵਿਦਵਾਨ ਸਨ ਜਿਨ੍ਹਾਂ ਨੇ ਵਿਦਿਆ ਦੇ ਸਾਰ ਨੂੰ ਕੇਵਲ ਸਮਝਿਆ ਹੀ ਨਹੀਂ, ਹਿਰਦੇ

ਵਿੱਚ ਵਸਾਇਆ ਸੀ।

ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਦੇ 'ਸਤਿਗੁਰੂ-ਬਿਲਾਸ' ਦੇ ਕਰਤਾ ਸੰਤ ਧਿਆਨ ਸਿੰਘ ਜੀ ਕਾਦਰਾਬਾਦੀ ਵਿਦਿਆ ਦਾ ਅਤੇ ਵਿਦਵਾਨ ਦਾ ਮੰਗਲ ਕਰਦੇ ਲਿਖਦੇ ਹਨ-

'ਵਿਦਵਾਨ ਕੋ ਬੰਦਨਾ ਬਿਨ ਵਿਦਿਆ ਪਸੁ ਪ੍ਰੇਤ।

ਅਤੇ

'ਵਿਦਿਆ ਬਿਨ ਹੰਕਾਰ ਮੈ ਬਲਿਹਾਰੀ ਤਾਹਿ ਜਨ,
ਲਖੇ ਜੋ ਵਿਦਿਆ ਸਾਰ ਸੋ ਜਨ ਬ੍ਰਹਮ ਸਰੂਪ ਹੈ।'

ਪਾਤਰ ਜੀ ਸਨ ਜਿਨ੍ਹਾਂ ਨੂੰ ਵਿਦਿਆ ਦਾ, ਏਡੇ ਮਹਾਨ ਸਥਾਪਿਤ ਕਵੀ ਹੋਣ ਦਾ ਕਿਤੇ ਲੇਸ ਮਾਤਰ ਵੀ ਹੰਕਾਰ ਨਹੀਂ ਸੀ। ਵਿਦਿਆ ਗਿਆਨ ਹੈ, ਪ੍ਰਕਾਸ਼ ਹੈ ਪਰ ਜਦੋਂ ਇਹ ਹੰਕਾਰ ਹੋ ਜਾਵੇ-

**'ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥'**

ਕਿ ਮੈਂ ਬਹੁਤ ਵਿਦਵਾਨ ਹਾਂ, ਮੇਰੇ ਵਰਗਾ ਕੋਈ ਨਹੀਂ। ਇਸ ਸੋਚ ਨਾਲ ਹੀ ਅਗਿਆਨ ਦਾ ਅੰਧਕਾਰ ਛਾ ਜਾਂਦਾ ਹੈ ਪਰ ਜਿਸਨੂੰ ਵਿਦਿਆ ਦਾ ਹੰਕਾਰ ਨਹੀਂ, ਉਹ ਤਾਂ ਬ੍ਰਹਮ ਸਰੂਪ ਹੋ ਜਾਂਦਾ ਹੈ।

ਜਦੋਂ ਇੱਕ ਰੁੱਖ ਨੂੰ ਫੁੱਲ ਲੱਗਦੇ ਹਨ ਤਾਂ ਉਹ ਖਿੜਦਾ ਹੈ, ਹੋਰ ਸੁੰਦਰ ਹੋ ਜਾਂਦਾ ਹੈ, ਮਹਿਕਾਂ ਵੰਡਦਾ ਹੈ, ਜਦੋਂ ਉਹ ਫੁੱਲ, ਫਲਾਂ ਵਿੱਚ ਤਬਦੀਲ ਹੁੰਦੇ ਜਾਂਦੇ ਹਨ ਤਾਂ ਉਹ ਰੁੱਖ ਝੁਕ ਜਾਂਦਾ ਹੈ। ਪਰ ਇਸ ਤੋਂ ਵੀ ਅਗਲੀ ਇੱਕ ਅਵਸਥਾ ਹੁੰਦੀ ਹੈ ਕਿ ਕੱਚੀਆਂ ਅੰਬੀਆਂ ਟੁੱਟ ਕੇ ਨਦੀ ਵਿੱਚ ਡਿੱਗ ਪੈਣ ਤਾਂ ਉਹ ਤਰਦੀਆਂ ਹਨ ਪਰ ਉਹੋ ਅੰਬੀਆਂ ਜਦੋਂ ਪੱਕ ਜਾਣ, ਉਨ੍ਹਾਂ ਤੇ ਇੱਕ ਸੂਹਾ ਰੰਗ ਛਾ ਜਾਂਦਾ ਹੈ, ਮਹਿਕਾਂ ਆਉਣ ਲੱਗਦੀਆਂ ਹਨ ਅਤੇ ਪੱਕੇ ਰਸੀਲੇ ਅੰਬ ਹੋਰ ਭਾਰੇ ਹੋ ਜਾਂਦੇ ਹਨ ਉਹ ਪਾਣੀ ਵਿੱਚ ਡੁੱਬ ਜਾਂਦੇ ਹਨ-ਨਦੀ ਦੀ ਤਹਿ ਹੇਠਾਂ ਜਾ ਕੇ ਬਹਿ ਜਾਂਦੇ ਹਨ।

ਸੁਰਜੀਤ ਪਾਤਰ ਫਲਾਂ ਦੇ ਰਾਜੇ ਉਸ ਪੱਕੇ ਰਸੀਲੇ ਅੰਬ ਵਰਗੇ ਸਨ, ਉਹ ਚਿੰਤਨ ਕਰਦੇ ਸਮੇਂ ਸਾਗਰ ਦੀਆਂ ਗਹਿਰਾਈਆਂ ਵਿੱਚ ਜਾ ਡੁੱਬਦੇ। ਉਹਨਾਂ ਗਹਿਰਾਈਆਂ ਚੋਂ ਸੁੱਚੇ ਮੋਤੀਆਂ ਵਰਗੇ ਸ਼ਬਦ ਕੱਢ ਲਿਆਉਂਦੇ, ਉਨ੍ਹਾਂ ਨੂੰ ਪ੍ਰੋਂਦੇ ਤਾਂ ਸ਼ਬਦ, ਨਜ਼ਮ ਬਣਦੇ ਜਾਂਦੇ। ਆਪ ਸਰੋਤਿਆਂ ਦੇ ਸਨਮੁੱਖ ਨਜ਼ਮ ਗਾਉਂਦੇ ਤਾਂ ਜਿਵੇਂ ਰੁੱਖ ਤੇ ਬਸੰਤ ਬਹਾਰ ਸਮੇਂ ਖੇੜਾ ਆ ਗਿਆ ਹੋਵੇ। ਮੰਚ ਤੋਂ ਹੇਠਾਂ ਆਉਂਦੇ, ਸਰੋਤਿਆਂ ਦੀ ਦਾਦ ਮਿਲਦੀ ਤਾਂ ਆਪ ਝੁਕ ਜਾਂਦੇ। ਆਪ ਦੀਆਂ ਰਚਨਾਵਾਂ ਵਿੱਚ ਕਾਵਿਕ ਰਸ, ਪ੍ਰੇਮ ਰਸ, ਸ਼ਿੰਗਾਰ ਰਸ, ਲੋਕ ਦਰਦ ਪੱਕ ਜਾਂਦਾ, ਆਪ ਦਾ ਕਾਵਿਕ ਹਿਰਦਾ ਰਸ ਜਾਂਦਾ ਤਾਂ ਫੇਰ ਗਹਿਰਾਈਆਂ ਵਿੱਚ ਉੱਤਰ ਜਾਂਦੇ- ਸ਼ਬਦਾਂ ਦੇ, ਕਵਿਤਾ ਦੇ ਹੋਰ ਸੁੱਚੇ ਮੋਤੀ ਢੂੰਡਣ ਲਈ ਕਾਦਰ ਨਾਲ, ਕੁਦਰਤ ਨਾਲ, ਕਾਇਨਾਤ ਨਾਲ ਇਕਮਿਕ ਹੋ ਜਾਂਦੇ ਤਾਂ ਆਪ ਮੁਹਾਰੇ ਵਿਸਮਾਦ ਅਵਸਥਾ ਵਿੱਚ ਗਾਉਣ ਲੱਗਦੇ-

'ਹੁੰਦੇ ਨਾ ਪੱਤੇ ਰੁੱਖਾਂ ਦੇ, ਜੇਕਰ ਸੁਰਾਂ ਜਿਹੇ,
ਪੌਣਾ ਉਦਾਸ ਸਾਜ਼ ਫਿਰ ਕੇਹੜਾ ਵਜਾਉਂਦੀਆਂ।
ਡੁੱਬਦਾ ਨਾ ਨੀਲੀ ਝੀਲ ਵਿੱਚ ਸੂਰਜ ਜੇ ਸੰਦਲੀ,
ਸ਼ਹਿਰ ਮੇਰੇ ਸ਼ਰਬਤੀ ਸ਼ਾਮਾਂ ਨਾ ਆਉਂਦੀਆਂ।'

ਪਾਤਰ ਕਵਿਤਾ ਦਾ, ਰਾਗ ਦਾ ਨੱਕੋ ਨੱਕ ਭਰਿਆ ਪਾਤਰ ਬਣ ਜਾਂਦਾ।

'ਲਿਖਤੁਮ ਨੀਲੀ ਬੰਸੁਰੀ ਅੱਗੇ ਸੂਹੀ ਅੱਗ,
ਆ ਲੈ ਦੀਪਕ ਰਾਗ ਸੁਣ, ਹੋਂਦ ਮੇਰੀ ਨੂੰ ਲੱਗ।'

ਪਾਤਰ, ਪ੍ਰੇਮ ਦਾ ਪਾਤਰ ਸੀ-'ਪ੍ਰੇਮ' ਜੇ ਵਿਅਕਤੀਗਤ ਹੋਵੇ, ਕੇਵਲ ਕਿਸੇ ਵਿਸ਼ੇਸ਼ ਨਾਲ ਹੋਵੇ ਅਤੇ ਦੇਹ ਦਾ ਹੀ ਪ੍ਰੇਮ ਹੋਵੇ, ਤਾਂ ਇਸ ਨੂੰ 'ਇਸ਼ਕ ਮਜ਼ਾਜੀ' ਕਹਿੰਦੇ ਹਨ। ਇਸ਼ਕ ਮਜ਼ਾਜੀ ਔਰਤ ਤੇ ਮਰਦ ਦੀ ਦੁਵੱਲੀ ਖਿੱਚ ਹੁੰਦੀ ਹੈ ਪਰ ਸ਼ਾਇਦ ਇਹ ਪ੍ਰੇਮ ਨਹੀਂ 'ਵਾਸਨਾ' ਹੁੰਦੀ ਹੈ। ਸਾਹਿਬ ਦਸਮ ਪਾਤਸ਼ਾਹ ਕ੍ਰਿਸ਼ਨਾ ਅਵਤਾਰ ਵਿੱਚ ਉਚਾਰਨ ਕਰਦੇ ਹਨ ਕਿ ਜਦੋਂ ਭਗਵਾਨ ਕ੍ਰਿਸ਼ਨ ਕੁਰੂਕਸ਼ੇਤਰ ਆਉਂਦੇ ਹਨ-ਚਿਰ ਤੋਂ ਬਿਰਹਾ ਅਗਨ ਵਿੱਚ ਤੜਪ ਰਹੀਆਂ ਗੋਪੀਆਂ ਵੀ ਆ ਦਰਸ਼ਨ ਕਰਦੀਆਂ ਹਨ-

**'ਦਰਸਨ ਦੇਖਿ ਸਭੈ ਦੁਖ ਬਿਸਰੇ ਬੇਦ ਕਹਤ ਜਿਹ ਨੇਤਿ॥'**

ਉਸ ਸਮੇਂ ਭਗਵਾਨ, ਪ੍ਰੇਮ ਦਾ, ਇਸ਼ਕ ਹਕੀਕੀ ਦਾ ਭੇਤ ਸਮਝਾਉਂਦੇ ਹਨ-

**'ਕ੍ਰਿਸਨ ਇਕਾਂਤ ਕੀਓ ਤਬ ਹੀ ਛਿਨ**
**ਕਹਿਓ ਗਯਾਨ ਸਿਖ ਲੇਹੁ॥**
**ਮਿਲ ਬਿਛਰਨ ਦੋਊ ਐ ਜਗ ਮੈ**
**ਮਿਥਿਆ ਤਨ ਅਸਨੇਹੁ॥'**

ਮਿਲਣਾ ਵਿਛੜਨਾ ਤਾਂ ਸੰਸਾਰ ਵਿੱਚ ਵਿਧਾਤਾ ਦੀ ਬਣਾਈ ਸਦੀਵੀ ਰੀਤ ਹੈ ਪਰ ਕੇਵਲ ਦੇਹ ਦਾ ਪਿਆਰ ਮਿਥਿਆ ਹੈ। ਪ੍ਰੇਮ ਤਾਂ ਉਹ ਹੈ ਜੋ ਸੂਰਜ ਦੇ ਨਿੱਘ ਵਰਗਾ

ਹੋਵੇ, ਜੋ ਫੁੱਲਾਂ ਦੀ ਮਹਿਕ ਵਰਗਾ ਹੋਵੇ, ਜੋ ਪਾਤਰ ਕੁਪਾਤਰ ਵੇਖੇ ਬਿਨਾ ਸਭ ਲਈ ਇੱਕ ਸਾਰ ਹੋਵੇ, ਜੋ ਰੱਬ ਵਰਗਾ ਹੋਵੇ- ਇਸ਼ਕ ਹੋਵੇ ਸਈ, ਸੁੱਚਾ ਇਸ਼ਕ ਤਾਂ ਹਕੀਕੀ, ਮਜ਼ਾਜੀ ਦਾ ਵੀ ਭੇਦ ਮਿਟ ਜਾਂਦਾ ਹੈ- ਇਸ਼ਕ ਹਕੀਕੀ ਜਾਂ ਮਜ਼ਾਜੀ ਦੀ ਹਕੀਕਤ ਇੱਕ ਹੈ।

ਇਸ਼ਕ ਰੱਬ ਹੈ ਅਤੇ ਰੱਬ ਦੋ ਹੋ ਸਕਦਾ ਨਹੀਂ।

ਆਪਣੀ ਹੋਂਦ ਨੂੰ ਜੋ ਮਿਟਾ ਦੇਵੇ ਉਹੀ ਪ੍ਰੇਮ ਹੈ, ਇਸ਼ਕ ਹੈ। ਜਦੋਂ ਇਹ ਪ੍ਰੇਮ ਸਮੁੱਚੀ ਕਾਇਨਾਤ ਲਈ ਹੋਵੇ, ਜਿਸ ਨਿਰਮਲ ਹਿਰਦੇ ਵਿੱਚ ਸਮੁੱਚੀ ਲੋਕਾਈ ਦਾ ਦਰਦ ਹੋਵੇ, ਤਾਂ ਉਸ ਹਿਰਦੇ ਵਿੱਚੋਂ ਰੂਹਾਨੀਅਤ ਦੀ ਕਵਿਤਾ ਜਨਮ ਲੈਂਦੀ ਹੈ, ਤਾਂ ਉਹ ਗੀਤਾਂਜਲੀ ਬਣ ਜਾਂਦੀ ਹੈ-

'ਓਹ ਉੱਚੇ ਨੀ ਅਸਮਾਨਾਂ ਤੇ
ਬਿਨ ਬੋਲੇ ਵਾਜੇ ਵੱਜਦੇ ਨੇ।
ਜਿੱਥੇ ਸੁਣ ਕੇ ਰਾਗ ਖੁਦਾਈ ਦਾ
ਬਿਨ ਖਾਧਿਆਂ ਲੋਕੀਂ ਰੱਜਦੇ ਨੇ।
ਮੈਂ ਗੀਤ ਉੱਥੇ ਹੀ ਗਾਵਾਂਗਾ,
ਸਾਗਰ ਵਿੱਚ ਡੁਬਕੀ ਲਾਵਾਂਗਾ।'

-'ਸੌ ਸਿਆਣੇ ਇੱਕੋ ਮੱਤ' ਟੈਗੋਰ ਦੀ ਰਚਨਾ ਵਾਂਗ ਹੀ ਪਾਤਰ ਜੀ ਲਿਖਦੇ ਹਨ-

'ਚਲ ਸੂਰਜਾ, ਚਲ ਧਰਤੀਏ
ਮੁੜ ਸੁੰਨ ਸਮਾਧ 'ਚ ਪਰਤੀਏ,
ਕੱਲ ਰਾਤ ਹੋਏ ਸੀ ਰਾਤ ਭਰ
ਇਹ ਤਾਰਿਆਂ ਵਿੱਚ ਤਜ਼ਕਰੇ।'

ਅਤੇ ਸਰਬ ਵਿਆਪੀ ਪਰਮੇਸ਼ਰ ਨੂੰ ਕਰਤਾ-ਪੁਰਖ ਜਾਣ ਕਵੀ ਆਪਣੀ ਹੋਂਦ ਨੂੰ ਮਨਫੀ ਕਰਦਾ ਜਾਂਦਾ ਹੈ-

'ਜੋ ਜੋ ਹੋਇਆ
ਸੋ ਮੈਂ ਲਿਖਿਆ,
ਤੂੰ ਲਿਖਿਆ
ਸੋ ਹੋਇਆ
ਅਸਲ ਲਿਖਾਰੀ ਤੂੰ ਹੈਂ ਸਾਹਿਬਾ,
ਮੈਂ ਤੇ ਕਾਗਦ ਕਲਮ ਵਿਗੋਇਆ।'

ਅਜੇਹੀਆਂ ਅਧਿਆਤਮਕ ਨਜ਼ਮਾਂ ਟੈਗੋਰ ਨੂੰ 'ਗੁਰੂਦੇਵ' ਬਣਾ ਦੇਂਦੀਆਂ ਹਨ ਅਤੇ ਸੁਰਜੀਤ ਨੂੰ ਪ੍ਰੇਮ ਦਾ ਪਾਤਰ, ਰੱਬੀ ਰਹਿਮਤ ਦਾ ਪਾਤਰ, ਗੁਰੂ ਦੀਆਂ ਬਖਿਸ਼ਸ਼ਾਂ ਦਾ ਪਾਤਰ, 'ਮਾਂ-ਬੋਲੀ ਪੰਜਾਬੀ ਦਾ ਟੈਗੋਰ' ਬਣਾ ਪਾਤਰ ਨੂੰ ਸਦੀਵੀ ਅਮਰਤਾ ਬਖ਼ਸ਼ ਸੁਰਜੀਤ ਕਰ ਦੇਂਦੀਆਂ ਹਨ।

ਪਾਤਰ ਜੀ ਇੱਕ ਭਰੇ ਹੋਏ ਭਾਂਡੇ ਸਨ। 'ਛੂਛਾ ਘਟ ਡੋਲੈ।' ਊਣੇ ਹੀ ਉਛਲਦੇ ਹਨ, ਉਹ ਉੱਛਲ ਕੇ ਵਿਖਾਉਣਾ ਚਾਹੁੰਦੇ ਹਨ ਕਿ ਮੈਂ ਤਾਂ ਏਨਾ ਭਰਿਆ ਹਾਂ ਕਿ ਬਾਹਰ ਡੁੱਲ੍ਹ- ਡੁੱਲ੍ਹ ਪੈ ਰਿਹਾ ਹਾਂ। ਪਰ ਭਰਿਆ ਹੋਇਆ ਬਹੁਤ ਸੰਭਲ ਕੇ ਰਹਿੰਦਾ ਹੈ ਕਿ ਜੇ ਮੈਂ ਥੋੜ੍ਹਾ ਜਿਹਾ ਵੀ ਉੱਛਲ ਗਿਆ ਤਾਂ ਊਣਾ ਹੋ ਜਾਵਾਂਗਾ।

ਪਾਤਰ ਜੀ ਦਾ ਸਾਹਿਤਕ ਕੱਦ ਪਰਬਤ ਜੇਡਾ ਸੀ ਪਰ ਨਿਮਰਤਾ, ਸਹਿਣਸ਼ੀਲਤਾ ਧਰਤੀ ਵਰਗੀ ਸੀ। ਜੋ ਵੱਡਿਆਂ ਦਾ ਸਤਿਕਾਰ ਕਰਦੇ ਹਨ ਉਹ ਸਿਆਣੇ ਵਿਅਕਤੀ ਹੁੰਦੇ ਹਨ ਪਰ ਜੋ ਆਪਣੇ ਤੋਂ ਛੋਟਿਆਂ ਦਾ ਸਤਿਕਾਰ ਕਰਦੇ ਹਨ, ਜੋ ਛੋਟਿਆਂ ਨੂੰ ਇਵੇਂ ਮਾਣ ਦੇਣ ਕਿ ਉਨ੍ਹਾਂ ਨੂੰ ਛੋਟੇ ਹੋਣ ਦਾ ਅਹਿਸਾਸ ਤੱਕ ਨਾ ਹੋਣ ਦੇਣ ਉਹ ਦਿਲਾਂ ਤੇ ਰਾਜ ਕਰਦੇ ਹਨ।

ਪਾਤਰ ਜੀ ਆਪਣੇ ਸਾਥੀਆਂ, ਸਹਿਕਰਮੀਆਂ, ਸਾਹਿਤਕਾਰਾਂ, ਕਵੀਆਂ ਦੇ ਦਿਲਾਂ ਤੇ ਰਾਜ ਕਰਦੇ ਸਨ। ਨਵੀਆਂ ਉਭਰਦੀਆਂ ਕਲਮਾਂ ਨੂੰ ਉਤਸ਼ਾਹ ਦੇਂਦੇ, ਵਡਿਆਉਂਦੇ ਅਤੇ ਕੇਵਲ ਹਾਣ ਦੇ ਹੋਣ ਦਾ ਹੀ ਅਹਿਸਾਸ ਨਹੀਂ ਸਗੋਂ ਆਪਣੇ ਤੋਂ ਵੱਡੇ ਹੋਣ ਦਾ ਅਹਿਸਾਸ ਕਰਵਾਉਂਦੇ। ਪਾਤਰ ਜੀ ਸੱਜਣਾਂ ਦੇ ਸੱਜਣ, ਉੱਤਮ ਸ਼੍ਰੇਣੀ ਦੇ ਸੱਜਣ ਪੁਰਸ਼ ਸਨ। ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ-

**'ਨਰ ਏਕ ਅਕੀਨ ਹੀ ਪ੍ਰੀਤ ਕਰੈਂ,**
**ਇਕ ਕੀਨ ਕਰੈਂ, ਇਕ ਕੀਨ ਜੁ ਜਾਨੈ॥'**

ਇੱਕ ਪੁਰਸ਼ ਹੁੰਦੇ ਹਨ ਜੋ ਉਨ੍ਹਾਂ ਨੂੰ ਪ੍ਰੇਮ ਕਰਦਾ ਹੈ, ਬਦਲੇ ਵਿੱਚ ਉਸਨੂੰ ਹੀ ਪ੍ਰੇਮ ਕਰਦੇ ਹਨ, ਇੱਕ ਚੰਗੇ ਪੁਰਸ਼ ਕਹੇ ਜਾਂਦੇ ਹਨ ਜੋ ਕਿਸੇ ਦੀ ਕੀਤੀ ਦੀ, ਕਿਸੇ ਦੇ ਅਹਿਸਾਨ ਦੀ ਕਦਰ ਕਰਦੇ ਹਨ ਪਰ ਸਰਬ ਸ੍ਰੇਸ਼ਟ ਪੁਰਸ਼ ਹੁੰਦੇ ਹਨ ਜੋ ਫੁੱਲਾਂ ਵਾਂਗ ਖਿੜੇ ਰਹਿੰਦੇ ਹਨ ਅਤੇ ਫੁੱਲਾਂ ਵਾਂਗ ਹੀ ਸਭ ਨੂੰ ਮਹਿਕ ਵੰਡਦੇ ਹਨ, ਇੱਕ ਤਰਫਾ ਹੀ ਪਿਆਰ ਕਰਦੇ ਹਨ। ਸੁਰਜੀਤ ਪਾਤਰ ਦਾ ਪ੍ਰੇਮ ਕੇਵਲ ਸਾਥੀਆਂ ਲਈ ਹੀ ਨਹੀਂ, ਕੇਵਲ ਮਨੁੱਖਾਂ ਲਈ ਹੀ ਨਹੀਂ ਸਗੋਂ ਉਨ੍ਹਾਂ ਦੀ ਕਵਿਤਾ ਵਿੱਚ ਧਰਤੀ ਮਾਤਾ ਲਈ, ਮਾਂ-ਬੋਲੀ ਪੰਜਾਬੀ ਲਈ, ਆਪਣੇ ਸਭਿਆਚਾਰ ਲਈ, ਧੀਆਂ-ਧਿਆਣੀਆਂ ਲਈ, ਕਿਰਤੀਆਂ ਕਿਸਾਨਾਂ ਲਈ, ਪਸ਼ੂਆਂ ਪੰਛੀਆਂ ਲਈ, ਰੁੱਖਾਂ

ਬਿਰਖਾਂ ਲਈ ਅਥਾਹ ਦਰਦ ਹੈ, ਅਪਣਤ ਹੈ, ਸਤਿਕਾਰ, ਪਿਆਰ ਹੈ। ਪਾਤਰ ਵਰਗਾ ਪਾਤਰ ਹੀ ਸੀ- ਪ੍ਰੇਮ-ਪਰੁੱਚਾ ਨੱਕੋ-ਨੱਕ ਭਰਿਆ ਪਾਤਰ। ਸਚੁਮੱਚ ਹੀ ਅਜੇਹੇ ਮਹਾਨ ਕਵੀ ਕਦੇ ਸਦੀਆਂ ਵਿੱਚ ਹੀ ਪੈਦਾ ਹੁੰਦੇ ਹਨ। ਉਹਨਾਂ ਦੇ ਜਾਣ ਨਾਲ ਇੱਕ ਖਲਾਅ ਪੈਦਾ ਹੋ ਗਿਆ ਹੈ-

'ਤੇਰੇ ਜਾਨੇ ਸੇ ਮਹਿਫਲ ਮੇਂ ਅੰਧੇਰਾ ਹੋ ਗਇਆ ਹੈ,
ਬਹੁਤ ਚਿਰਾਗ਼ ਜਲਾਨੇ ਪੜੇਂਗੇ ਰੌਸ਼ਨੀ ਕੇ ਲੀਏ।'

ਸਾਡੀ ਅਰਦਾਸ ਹੈ, ਸਤਿਗੁਰੂ ਕਿਰਪਾ ਕਰਨ! ਪਾਤਰ ਜੀ ਦੀ ਰੂਹ ਨੂੰ ਉਸੇ ਤਰ੍ਹਾਂ ਗੁਣਾਂ ਨਾਲ, ਪ੍ਰੇਮ ਨਾਲ ਸਰਸ਼ਾਰ ਕਰਕੇ ਮਾਂ-ਬੋਲੀ ਪੰਜਾਬੀ ਦੀ ਸੇਵਾ ਲਈ ਮੁੜ ਗੁਰੂਆਂ ਦੀ ਧਰਤੀ ਪੰਜਾਬ ਵਿੱਚ ਭੇਜ ਦੇਣ। ਪਾਤਰ ਜੀ ਬਾਰੇ ਲੇਖ ਕੁਝ ਲੰਬਾ ਹੀ ਹੋ ਗਿਆ ਹੈ, ਸੰਕੋਚਨ ਦੀ ਕੋਸ਼ਿਸ਼ ਕਰਦਾ ਹਾਂ-ਕੇਵਲ ਨਾਮਧਾਰੀ ਸਮਾਜ ਨਾਲ ਪੀਡੀ ਸਾਂਝ ਦੀ ਇੱਕ ਬਾਤ ਦੱਸਕੇ ਹੀ-ਜਦੋਂ ਤੋਂ ਪਾਤਰ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁੱਚੇ ਮੋਤੀਆਂ ਦੀ ਮਾਲਾ ਦੇ ਮਣਕੇ ਬਣ ਗਏ ਤਾਂ ਨਾਮਧਾਰੀ ਸਿੱਖਾਂ ਲਈ ਆਪ ਇੱਕ ਅਹਿਮ ਰੁਕਨ ਹੋ ਗਏ। ਗੁਰੂ ਪ੍ਰੇਮੀ ਸਿਖ ਮਹਿਸੂਸ ਕਰਦੇ ਕਿ ਪਾਤਰ ਤਾਂ ਸਾਡੇ ਦਿਲ ਦੀ ਵੇਦਨਾ ਲਿਖ ਰਿਹਾ ਹੈ-

'ਤੇਰੀ ਹੋਂਦ ਦਾ ਜੋ ਖਿਆਲ ਹੈ
ਸਾਡੇ ਦਿਲ ਤੇ ਰੂਹ ਦੇ ਲਈ ਢਾਲ ਹੈ
ਇਦ੍ਹੇ ਹੁੰਦਿਆਂ ਸਾਨੂੰ ਪੋਹ ਸਕੇ
ਕਿਸੇ ਦਰਦ ਦੀ ਕੀ ਮਜ਼ਾਲ ਹੈ।'

ਪਾਤਰ ਉਹ ਸ਼ਾਇਰ ਸੀ ਜੋ ਇੱਕੋ ਸਮੇਂ ਲੋਕ ਮਨਾਂ ਦੀ ਅਤੇ ਰੂਹਾਨੀਅਤ ਦੀ, ਧਰਤੀ ਦੀ ਤੇ ਤਾਰਿਆਂ ਸੀ, ਸਾਗਰ ਦੀਆਂ ਗਹਿਰਾਈਆਂ ਦੀ ਤੇ ਅਕਾਸ਼ ਦੀਆਂ ਉਚਾਈਆਂ ਦੀ ਕਵਿਤਾ ਕਹਿ ਸਕਦਾ ਸੀ-

'ਮੈਂ ਹਵਾ ਹਾਂ, ਬਿਰਖ ਹੀ ਮੇਰਾ ਸਾਜ਼ ਹੈ,
ਪਰ ਕਿਸੇ ਸ਼ਹਿਨਸ਼ਾਹੀ ਨੂੰ ਇਤਰਾਜ਼ ਹੈ,
ਕਿ ਉਹਨੂੰ ਪੁਛੇ ਬਿਨਾਂ,
ਬੀੜ ਬਿਰਖਾਂ ਦੀ ਕਿਉਂ,
ਗੀਤ ਧਰਤੀ ਦੇ ਦੁਖ ਸੁਖ ਦੇ ਗਾਉਂਦੀ ਰਹੀ।'

ਕੈਸੀ ਸੰਕੇਤਕ ਤਸ਼ਵੀਹ ਹੈ-ਕਿ ਔਰੰਗੀ ਸੋਚ ਨੂੰ ਇਤਰਾਜ਼ ਹੈ ਕਿ ਗੁਰੂ ਤੇਗ ਬਹਾਦੁਰ ਆਪਣੀ ਸਰਣ ਆਏ ਪੰਡਤਾਂ ਦੀ ਵੇਦਨਾ ਕਿਉਂ ਸੁਣਦੇ ਹਨ ਅਤੇ ਤੇਗ ਬਹਾਦੁਰੀ ਜ਼ੁਰਅਤ ਦਾ ਔਰੰਗੀ ਸੋਚ ਨੂੰ ਜੁਆਬ ਹੈ-

'ਮੈਂ ਤਾਂ ਧਰਤੀ ਦੇ ਦੁਖੜੇ ਨੂੰ ਸਹਿਣਾ ਵੀ ਹੈ,
ਜੇਹੜਾ ਬਦੀਆਂ ਕਰੇ ਉਹਨੂੰ ਕਹਿਣਾ ਵੀ ਹੈ,
ਇਹ ਧਰਤ ਹੀ ਮੇਰੇ ਜਿਹਾਂ ਨੂੰ ਸਦਾ,
ਆਪਣੀ ਬੁੱਕਲ ਦੇ ਵਿੱਚ ਹੈ ਲੁਕੋਂਦੀ ਰਹੀ।'

ਅੱਗੇ ਸਪਸ਼ਟ ਕਰਦੇ ਹਨ ਕਿ ਤਲਵਾਰ ਦੇ ਜ਼ੋਰ ਨਾਲ ਉੱਚੇ ਤਖ਼ਤ ਤੇ ਬੈਠੇ ਤਾਂ ਖਿਨ-ਭੰਗਰ ਦੇ ਪਾਤਸ਼ਾਹ ਹੁੰਦੇ ਹਨ-ਸਦੀਵੀ ਪਾਤਸ਼ਾਹੀ ਤਾਂ ਸੱਚੀ ਪਾਤਸ਼ਾਹੀ ਹੈ-

'ਮੱਥੇ ਦੀ ਜੋਤ ਹੈ ਜੇਹੜੀ
ਉਹ ਅਸਲੀ ਤਾਜ ਹੁੰਦੀ ਹੈ
ਤਵੀ ਦੇ ਤਖ਼ਤ ਤੇ ਬਹਿੰਦੇ
ਤਾਂ ਸੱਚੇ ਪਾਤਸ਼ਾਹ ਬਣਦੇ।

ਬਾਬੇ ਕੇ ਅਤੇ ਬਾਬਰਕਿਆਂ ਬਾਰੇ, ਸਪਸ਼ਟ ਕਰਦੇ ਹਨ ਕਿ ਦੁਨਿਆਵੀ ਪਾਤਸ਼ਾਹਾਂ ਦਾ ਰਾਜ ਮਿੱਟੀ ਤੇ ਹੁੰਦਾ ਹੈ- ਪਰ ਸੱਚੇ ਪਾਤਸ਼ਾਹ ਦਿਲਾਂ ਤੇ ਰਾਜ ਕਰਦੇ ਹਨ-

'ਰੇਤ ਤੇ ਬਾਬਰ ਦਾ ਸੀ,
ਰੂਹਾਂ ਤੇ ਉਸਦਾ ਰਾਜ ਸੀ।
ਓਹ ਜੋ ਅਕਸਰ ਆਖਦਾ ਸੀ,
ਛੇੜ ਮਰਦਾਨੇ ਰਬਾਬ।'....

ਤਲਵਾਰ ਦੇ ਜ਼ੋਰ ਨਾਲ ਬਣੀਆਂ ਬਾਦਸ਼ਾਹੀਆਂ, ਤੇਗ ਨਾਲ ਹੀ ਦਫਨ ਹੁੰਦੀਆਂ ਰਹੀਆਂ, ਇਤਿਹਾਸ ਇਸ ਗੱਲ ਦਾ ਸਪਸ਼ਟ ਸਾਖੀ ਹੈ। ਪਰ ਬਾਬੇ ਜੀ ਸੱਚੀ ਪਾਤਸ਼ਾਹੀ ਦਾ ਪਹਿਲਾ ਹਥਿਆਰ ਰਬਾਬ ਹੈ, ਉਸਦੇ ਬਾਣ ਰੱਬੀ ਬਾਣੀ ਹਨ, ਉਸਦੀ ਗਦਾ ਗਰੀਬੀ, ਨਿਮਰਤਾ ਹੈ, ਉਸਦਾ ਖੰਡਾ, ਸਭ ਦੀ ਚਰਨ ਧੂੜ ਹੋਣਾ ਹੈ ਅਤੇ ਉਸਦੀ ਢਾਲ-ਖਿਮਾਂ, ਧੀਰਜ ਹੈ। ਉਸਦਾ ਉਦੇਸ਼ ਸਤਿ-ਸੰਤੋਖ ਹੈ। ਉਸਦੀ ਜ਼ਮੀਨ ਤੇ ਕੋਈ ਸੀਮਾਵਾਂ ਨਹੀਂ, ਸਾਰੀ ਧਰਤੀ ਉਸਦਾ ਦੇਸ਼ ਹੈ, ਦਿਲਾਂ ਤੇ ਉਸਦਾ ਰਾਜ ਹੈ, ਸਾਰੀ ਮਾਨਵਤਾ, ਪਸ਼ੂ-ਪੰਛੀ, ਰੁੱਖ-ਬਿਰਖ, ਸਮੁੱਚੀ ਕਾਇਨਾਤ ਉਸ ਸੱਚੇ ਪਾਤਸ਼ਾਹ ਦੀ ਪਰਜਾ ਹੈ, ਉਸਦਾ ਪ੍ਰਵਾਰ ਹੈ। ਪਰ ਜਦੋਂ ਬਾਬਰ ਕੀ ਬਾਦਸ਼ਾਹੀ ਕੁਦਰਤ ਦਾ ਘਾਣ ਕਰਦੀ ਹੈ ਤਾਂ ਕਾਦਰ ਕੋਪਦਾ ਹੈ, ਤਾਂ ਮਧੁਰ ਪ੍ਰੇਮ-ਰਾਗ ਅਲਾਪਦੀ ਰਬਾਬ ਦੀ ਤਾਰ, ਤੇਗ ਦੀ ਧਾਰ ਬਣ, ਚੰਡੀ ਦਾ ਰੂਪ ਧਾਰ ਦਸਮ ਪਾਤਸ਼ਾਹ ਦੀ ਕਲਮ ਰਾਹੀਂ ਆਖਦੀ ਹੈ-

**'ਨਾ ਛਾਡਊਂ ਕਹੂੰ ਦੁਸਟ ਅਸੁਰਨ ਨਿਸਾਨੀ॥
ਚਲੈ ਸਭ ਜਗਤ ਮੈ ਧਰਮ ਕੀ ਕਹਾਨੀ॥'**

ਪਰ ਇੱਕ ਪ੍ਰੇਮ ਰੂਪ ਸੰਵੇਦਨਸ਼ੀਲ ਸੰਤ, ਕਿਸ ਮਜ਼ਬੂਰੀ ਵਿੱਚ ਸਿਪਾਹੀ ਬਣਦਾ ਹੈ, ਤੱਤੀ ਤਵੀ ਤੇ ਬਹਿ ਕੇ ਵੀ ਸ਼ਾਂਤ ਰਹਿ ਕੇ ਜਾਲਮ ਨੂੰ ਜ਼ੁਲਮ ਤੋਂ ਰੋਕਣ ਲਈ ਹਰ ਹੀਲਾ ਵਰਤਦਾ ਹੈ, ਪਰ ਜਦੋਂ-

**ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸਤ॥**
**ਹਲਾਲ ਅਸਤ ਬੁਰਦਨ-ਨ-ਸ਼ਮਸ਼ੀਰ ਦਸਤ॥'**

ਜਦੋਂ ਸਾਰਿਆਂ ਹੀਲਿਆਂ ਤੋਂ ਗੱਲ ਲੰਘ ਜਾਂਦੀ ਹੈ ਤਾਂ ਸੰਤ-ਰੂਪ, ਸ਼ਾਂਤ-ਸਰੂਪ ਪੰਚਮ ਪਾਤਸ਼ਾਹ ਦਾ ਵਾਰਸ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸੰਤ-ਸਿਪਾਹੀ 'ਛਤਮ ਪੀਰ ਬੈਠਾ ਗੁਰ ਭਾਰੀ'-ਮੀਰੀ ਪੀਰੀ ਦਾ ਪਾਤਸ਼ਾਹ, ਸੱਚਾ ਪਾਤਸ਼ਾਹ ਬਣ ਜ਼ੁਲਮ ਨੂੰ ਵੰਗਾਰਦਾ ਹੈ। ਪਾਤਰ ਜੀ ਇਸ ਸ਼ਾਂਤ-ਸਰੂਪ ਰਬਾਬ ਚੋਂ ਯੁੱਧ ਨਾਦ ਦੇ ਮਾਰੂ ਰਾਗ ਦੇ ਅਲਾਪ ਤੱਕ ਦੇ ਇੱਕ ਸਦੀ ਭਰ ਦੇ ਸਫਰ ਨੂੰ ਕੇਡਾ ਸੁੰਦਰ ਬਿਆਨਦੇ ਹਨ-

'ਤੂੰ ਕਿਸੇ ਨੂੰ ਵੀ ਪੁਛਲੈ
ਕਿ ਮੇਰੀ ਜ਼ੁਬਾਂ,
ਇਹ ਤਲਖ ਕਦੇ ਏਨੀ ਹੋਈ ਸੀ ਨਾ,
ਸਾਜ਼ ਦੀ ਤਾਰ ਤੋਂ ਤੇਗ ਦੀ ਧਾਰ ਵਿੱਚ ਪਲਟਦੀ,
ਸੌ ਬਰਸ ਥਰਥਰਾਉਂਦੀ ਰਹੀ। '

ਅਤੇ

'ਬਣਨਾ ਪਿਆ ਹੈ
ਤੇਗ ਵੀ, ਭਾਵੇਂ ਰਬਾਬ ਤੋਂ,
ਪਰ ਹਰ ਇੱਕ ਰੂਪ ਵਿੱਚ
ਮੈਂ ਬੇਕਸਾਂ ਦਾ ਯਾਰ ਹਾਂ।'

ਗੁਰੂ-ਪ੍ਰੇਮੀ ਸਿੱਖ ਪਾਤਰ ਜੀ ਦੇ ਕਈ ਸ਼ੇਅਰ ਪੜ੍ਹਦਿਆਂ-ਸੁਣਦਿਆਂ ਇੰਜ ਮਹਿਸੂਸ ਕਰਦੇ ਹਨ ਕਿ ਜਿਵੇਂ ਰੰਗ-ਰੱਤੇ ਭਾਈ ਨੰਦ ਲਾਲ ਜੀ ਆਪਣੇ ਪਿਆਰੇ ਮੁਰਸ਼ਦ ਸ੍ਰੀ ਦਸਮੇਸ਼ ਪਾਤਸ਼ਾਹ ਦੀ ਉਸਤਤ ਕਰ ਰਹੇ ਹੋਣ-

'ਇਹ ਜੋ ਚੰਦ ਦੀ ਚਾਨਣੀ
ਤੇ ਇਹ ਜੋ ਤਾਰਿਆਂ ਦੀ ਲੋਅ ਹੈ,
ਪੜ੍ਹੀਏ ਤਾਂ ਤੇਰਾ ਖ਼ਤ ਹੈ,
ਸੁਣੀਏਂ ਤਾਂ ਤੇਰੀ ਸੋਅ ਹੈ।' ਅਤੇ
'ਔਰ ਪਾਤਸ਼ਾਹੀ ਸਭ ਲੋਗਨ ਕੀ ਪਾਤਸ਼ਾਹੀ,
ਪਾਤਸ਼ਾਹੋਂ ਪਰ ਸਾਚੀ ਤੇਰੀ ਪਾਤਸ਼ਾਹੀ ਹੈ।'

ਨਾਮਧਾਰੀ ਪੰਥ ਵਲੋਂ ਬਣੀਆਂ ਡਾਕੂਮੈਟਰੀਜ਼ ਵਿੱਚ ਪਾਤਰ ਜੀ ਦੀ ਆਵਾਜ਼ ਵਿੱਚ ਗਾਈਆਂ ਆਪ ਦੀਆਂ ਨਜ਼ਮਾਂ ਸੁਣ ਗੁਰੂ ਪ੍ਰੇਮੀ ਵਿਸਮਾਦ ਅਵਸਥਾ ਵਿੱਚ ਪੁੱਜ ਜਾਂਦੇ ਹਨ-ਆਪ ਗਾਉਂਦੇ ਸਨ ਕਿ ਜਿਵੇਂ ਕੋਈ ਰਿਸ਼ੀ ਸਮਾਧੀ ਲੀਨ ਹੋਇਆ ਵੇਦ ਮੰਤਰ ਉਚਾਰ ਰਿਹਾ ਹੋਵੇ। ਇਹ ਸਾਂਝ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਲੋਕ ਗਮਨ ਉਪਰੰਤ ਹੋਰ ਵੀ ਗੂੜੀ ਹੁੰਦੀ ਗਈ। ਸਤਿਗੁਰੂ ਉਦੇ ਸਿੰਘ ਜੀ ਪਾਤਰ ਜੀ ਨੂੰ ਬਹੁਤ ਪ੍ਰੇਮ ਅਤੇ ਸਤਿਕਾਰ ਨਾਲ ਨਿਵਾਜਦੇ।

ਪਾਤਰ ਜੀ ਦੇ ਸਵਰਗ ਸਿਧਾਰਨ ਉਪਰੰਤ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਅਤੇ ਟੋਰਾਂਟੋ (ਕੈਨੇਡਾ) ਵਿਖੇ ਪਾਤਰ ਜੀ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਕੀਤੇ ਗਏ। 21 ਜੁਲਾਈ 2024 ਨੂੰ ਟੋਰਾਂਟੋ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਤਰ ਜੀ ਨਮਿਤ ਆਦਿ ਗੁਰੂ ਗ੍ਰੰਥ ਸਾਹਿਬ ਦਾ ਇੱਕ ਪਾਠ ਦਾ ਭੋਗ ਪਾਇਆ ਗਿਆ। ਬਾਅਦ ਦੁਪਹਿਰ ਤਿੰਨ ਘੰਟੇ ਦਾ ਸ਼ਰਧਾਂਜਲੀ ਸਮਾਰੋਹ ਹੋਇਆ। ਇਸ ਸਮੇਂ ਪੰਜਾਬੀ ਸਾਹਿਤ ਜਗਤ ਦੇ ਵੱਡੇ ਵਿਦਵਾਨਾਂ ਦੇ ਵਖਿਆਨ ਹੋਏ। ਇਸ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਾਤਰ ਜੀ ਬਾਰੇ ਕੀਤੇ ਪ੍ਰਵਚਨਾਂ ਵਿੱਚੋਂ ਕੁਝ ਸ਼ਬਦਾਂ ਨਾਲ ਹੀ ਇਸ ਲੇਖ ਨੂੰ ਸਮੇਟਦਾ ਹਾਂ-

"ਸਤਿਕਾਰਯੋਗ ਸਾਧ ਸੰਗਤ ਜੀ, ਬਾਹਰੋਂ ਆਏ ਵਿਸ਼ੇਸ਼ ਪ੍ਰਾਹੁਣੇ, ਡਾ. ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ ਜੀ, ਖਹਿਰਾ ਜੀ, ਡਾ. ਸੁਖਪਾਲ ਸਿੰਘ, ਦੂਲੋ ਜੀ, ਪ੍ਰੋ. ਜਗੀਰ ਸਿੰਘ, ਹੋਰ ਜਿਨ੍ਹਾਂ ਦੇ ਮੈਨੂੰ ਨਾਮ ਯਾਦ ਨਹੀਂ....... ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਜਿੰਨਾਂ ਕੁ ਸਿੱਖਿਆ ਹੈ ਕਿ ਇੱਕ ਸਾਹਿਤਕਾਰ ਨੂੰ, ਇੱਕ ਗੁਣੀ ਬੰਦੇ ਨੂੰ ਇਹ ਮਾਣ ਦੇਣਾ ਹੈ। ਉਹਦੀ ਕਦਰ ਕਰਨੀ ਹੈ। ਹਾਲਾਂਕਿ ਜਿਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਕਿਰਪਾ ਕਰਦੇ ਸਨ, ਉਸ ਤਰ੍ਹਾਂ ਤਾਂ ਅਸੀਂ ਨਹੀਂ ਕਰ ਸਕਦੇ-ਸਾਨੂੰ ਇਹ ਚੰਗਾ ਲੱਗਦਾ ਹੈ ਕਿ ਅਸੀਂ ਤੁਹਾਨੂੰ ਮਿਲਣ ਜਾਂਦੇ ਹਾਂ, ਤੁਹਾਡਾ ਪਤਾ ਲੈਣ ਜਾਂਦੇ ਹਾਂ। ਜਿਸ ਤਰ੍ਹਾਂ ਅਸੀਂ ਸੰਗੀਤ ਨਾਲ ਜੁੜੇ ਹੋਏ ਹਾਂ, ਕੋਈ ਚੰਗਾ ਸੰਗੀਤਕਾਰ ਗਾਉਂਦਾ ਵਜਾਉਂਦਾ ਹੈ, ਕੋਈ ਸੁਰੀਲਾ ਹੁੰਦਾ ਹੈ, ਜੀਅ ਕਰਦਾ ਹੈ ਕਿ ਸੁਣਦੇ ਰਹੀਏ।

ਏਸੇ ਤਰ੍ਹਾਂ ਤੁਹਾਡੇ ਤੋਂ ਪਾਤਰ ਸਾਹਿਬ ਦੀਆਂ ਇਹ ਸਿਫਤਾਂ ਸੁਣਦਿਆਂ ਬਹੁਤ ਚੰਗਾ ਲੱਗਿਆ। ਮੈਂ ਸਮਝਦਾ ਹਾਂ

ਕਿ ਸਾਡੀ ਸਾਂਝ ਤੁਹਾਡੇ ਨਾਲ ਕਿਉਂ ਹੈ-ਕਿ ਪੰਜਾਬ ਦੇ ਬਹੁਤ ਸਾਰੇ ਲਿਖਾਰੀ, ਕਵੀ ਮਾਰਕਸਵਾਦ ਨਾਲ, ਕਮਿਊਨਿਜ਼ਮ ਨਾਲ ਜੁੜੇ ਰਹੇ, ਇਹ ਇਸ ਕਰਕੇ ਹੈ ਕਿ ਅਸੀਂ ਆਪਣੇ ਆਪ ਨੂੰ ਗੁਰੂ ਨਾਨਕ ਦੇ ਪੈਰੋਕਾਰ ਅਖਵਾਉਂਦੇ ਹਾਂ ਅਤੇ ਗੁਰੂ ਨਾਨਕ ਦਾ ਧਰਮ ਉਹ ਹੈ ਜਿੱਥੇ ਸਭ ਲੀਕਾਂ ਖਤਮ ਹੋ ਜਾਂਦੀਆਂ ਹਨ।..... ਜਿੱਥੇ ਉਹ ਦਰਵਾਜ਼ੇ ਮੋਕਲੇ ਹੋ ਜਾਂਦੇ ਹਨ, ਉੱਥੇ ਭਾਈ ਬਾਲਾ ਵੀ ਆ ਜਾਂਦਾ ਹੈ, ਭਾਈ ਮਰਦਾਨਾ ਵੀ ਆ ਜਾਂਦਾ ਹੈ। ਜਿੱਥੇ ਰਾਇ ਬੁਲਾਰ ਜੀ, ਪੀਰ ਭੀਖਣ ਸ਼ਾਹ, ਪੀਰ ਬੁੱਧੂ ਸ਼ਾਹ ਵੀ ਜੁੜ ਜਾਂਦੇ ਨੇ, ਉੱਥੇ ਸਤਿਗੁਰੂ ਜਗਜੀਤ ਸਿੰਘ ਦੇ ਦਰਬਾਰ ਵਿੱਚ ਰਹਿੰਦਿਆਂ ਹੋਇਆਂ ਸ੍ਰ. ਗੁਰਬਖਸ਼ ਸਿੰਘ ਜੀ, ਸ. ਨਵਤੇਜ ਸਿੰਘ, ਸ. ਜਗਜੀਤ ਸਿੰਘ ਅਨੰਦ, ਸ. ਸੰਤ ਸਿੰਘ ਸੇਖੋਂ, ਪ੍ਰੋ. ਕਿਰਪਾਲ ਸਿੰਘ ਕਸੇਲ,ਇਸ ਤਰ੍ਹਾਂ ਬੜੇ ਹੀ ਸਾਹਿਤਕਾਰ ਨੇ ਜਿਨ੍ਹਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਮਾਣ ਦਿੱਤਾ, ਸੇਵਾ ਕੀਤੀ। ਸੋ ਇਹ ਗੁਰੂ ਨਾਨਕ ਦੇਵ ਜੀ ਦੀ ਪਾਈ ਹੋਈ ਸਾਂਝ ਹੈ।

ਸਾਨੂੰ ਦੋ ਤਰ੍ਹਾਂ ਦੇ ਇਨਸਾਨ ਮਿਲਦੇ ਹਨ, ਕਈ ਵੇਰ ਲੱਗਦਾ ਹੈ ਇਸ ਬੰਦੇ ਤੋਂ ਕਿਸੇ ਤਰ੍ਹਾਂ ਖਹਿੜਾ ਛੁੱਟ ਜਾਵੇ। ਕਈ ਉਹ ਮਿਲਦੇ ਹਨ ਕਿ ਤੁਹਾਡਾ ਜੀਅ ਕਰਦਾ ਹੈ ਇਹ ਮੇਰੇ ਕੋਲੋਂ ਉੱਠਕੇ ਜਾਵੇ ਹੀ ਨਾ। ਜਿਸ ਤਰ੍ਹਾਂ ਏਥੇ ਕਿਸੇ ਬੁਲਾਰੇ ਨੇ ਕਿਹਾ ਸੀ ਕਿ ਉਹ ਪਾਤਰ ਜੀ ਨਾਲ ਸਾਰੀ ਰਾਤ ਬੈਠੇ ਰਹੇ। ਸੋ ਪਾਤਰ ਸਾਹਿਬ ਇਸ ਤਰ੍ਹਾਂ ਦੇ ਸੱਜਣ ਸਨ ਕਿ ਉਨ੍ਹਾਂ ਕੋਲ ਬੈਠਿਆਂ ਅਨੰਦ ਆਉਂਦਾ ਸੀ, ਉਨ੍ਹਾਂ ਦੀਆਂ ਗੱਲਾਂ ਸੁਣਦਿਆਂ, ਉਨ੍ਹਾਂ ਦੀਆਂ ਕਵਿਤਾਵਾਂ ਸੁਣਦਿਆਂ ਵੀ ਅਨੰਦ ਆਉਂਦਾ ਸੀ। ਉਹ ਸਮਾਂ ਬਹੁਤ ਚੰਗਾ ਲੰਘਦਾ ਸੀ। ਭੈਣੀ ਸਾਹਿਬ ਵੀ, ਬਾਹਰ ਵੀ ਉਨ੍ਹਾਂ ਨੂੰ ਸੁਣਨ ਦਾ ਮੌਕਾ ਮਿਲਦਾ ਰਿਹਾ। ਇੱਕ ਵੇਰ ਪੰਜਾਬ ਯੂਨੀਵਰਸਿਟੀ ਵਿੱਚ ਵਿਸ਼ਵ ਪੰਜਾਬੀ ਸੰਮੇਲਨ ਸਮੇਂ ਵੀ ਆਪ ਪੰਜਾਬੀ ਬੋਲੀ ਬਾਰੇ ਕਰੀਬ ਅੱਧਾ-ਪੌਣਾ ਘੰਟਾ ਬੋਲੇ, ਬਹੁਤ ਚੰਗਾ ਲੱਗਿਆ, ਜਿਸ ਤਰ੍ਹਾਂ ਉਨ੍ਹਾਂ ਨੇ ਪੰਜਾਬੀ ਬੋਲੀ ਦੀ ਸਿਫਤ ਕੀਤੀ ਅਤੇ ਪੰਜਾਬੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।

ਸਾਡੀ ਆਖਰੀ ਮੁਲਾਕਾਤ ਸ਼ਾਇਦ ਛੇ ਕੁ ਮਹੀਨੇ ਪਹਿਲਾਂ ਹੋਈ, ਅਸੀਂ ਉਨ੍ਹਾਂ ਨੂੰ ਆਖਿਆ ਕਿ ਅਸੀਂ ਸਤਿਗੁਰੂ ਰਾਮ ਸਿੰਘ ਜੀ ਤੇ ਫਿਲਮ ਬਣਾਉਣਾ ਚਾਹੁੰਦੇ ਹਾਂ, ਸਾਨੂੰ ਇੱਕ ਸਕਰਿਪਟ ਲਿਖ ਕੇ ਦਿਉ। ਦੋ ਮੁਲਾਕਾਤਾਂ ਹੋਈਆਂ, ਉਨ੍ਹਾਂ ਜੋ ਲਿਖੀ ਉਹ ਬੜੀ ਪਿਆਰੀ ਸਕਰਿਪਟ ਹੈ, ਸ਼ਾਇਦ ਅਸੀਂ ਉਨ੍ਹਾਂ ਦੀ ਆਵਾਜ਼ ਵਿੱਚ ਰਿਕਾਰਡ ਕਰ ਸੱਕੇ ਹੋਈਏ? ਉਹਨਾਂ ਦੇ ਸਰੀਰ ਤਿਆਗਣ ਤੋਂ ਇੱਕ ਮਹੀਨਾ ਪਹਿਲਾਂ ਉਹ ਸਕਰਿਪਟ ਸਾਨੂੰ ਸੁਣਾ ਕੇ ਗਏ। ਉਸ ਤੋਂ ਬਾਅਦ ਉਨ੍ਹਾਂ ਨੇ ਕੁਝ ਆਪਣੀਆਂ ਕਵਿਤਾਵਾਂ ਸੁਣਾਈਆਂ, ਕੁਝ ਕਿੱਸੇ ਸੁਣਾਏ, ਉਹ ਯਾਦਾਂ ਬੜੀਆਂ ਪਿਆਰੀਆਂ ਨੇ। ਉਹ ਪੰਜ ਤੱਤ ਦੀ ਦੇਹ ਕਰਕੇ ਭਾਵੇਂ ਚਲੇ ਗਏ ਨੇ ਪਰ ਉਨ੍ਹਾਂ ਦੀਆਂ ਯਾਦਾਂ, ਉਨ੍ਹਾਂ ਦੀਆਂ ਰਚਨਾਵਾਂ ਹਮੇਸ਼ਾਂ ਸਾਡੇ ਨਾਲ ਰਹਿਣਗੀਆਂ।

ਪਾਤਰ ਸਾਹਿਬ, ਪੰਜਾਬੀ ਦੇ ਉਹ ਹੀਰੇ ਨੇ, ਕੁਝ ਉਹ ਕਲਾਕਾਰ, ਭਾਂਵੇ ਉਹ ਖਿਡਾਰੀ ਹੋਣ, ਸੰਗੀਤਕਾਰ ਜਾਂ ਸਾਹਿਤਕਾਰ ਹੋਣ । ਕਦੇ ਉਹ ਦਸ, ਵੀਹ ਜਾਂ ਪੰਜਾਹ ਸਾਲ 'ਚ ਕੋਈ ਇੱਕ ਐਸੇ ਮਹਾਨ ਕਲਾਕਾਰ ਪੈਦਾ ਹੁੰਦੇ ਨੇ, ਇਸ ਤਰ੍ਹਾਂ ਦੇ ਉਹ ਸਾਡੇ ਹੀਰੇ ਸਨ, ਜਿਸ ਤਰ੍ਹਾਂ ਹੁਣੇ ਸੰਧੂ ਸਾਹਿਬ ਨੇ ਗੱਲ ਕੀਤੀ ਹੈ ਕਿ ਉਹ ਇਸ ਸੈਂਚਰੀ (ਸਦੀ) ਦੇ ਸਾਹਿਤ ਦੀ ਮਾਊਂਟ ਐਵਰੈਸਟ ਸਨ, ਉਹ ਪੰਜਾਬੀ ਸਾਹਿਤ ਦੀ ਪੀਕ ਸਨ।

ਸੋ ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ, ਤੁਸੀਂ ਆਏ, ਆਪਾਂ ਪਾਤਰ ਸਾਹਿਬ ਨੂੰ ਸ਼ਰਧਾਂਜਲੀ ਦਿੱਤੀ ਹੈ-ਮੈਂ ਫੇਰ ਤੁਹਾਡਾ ਸਾਰਿਆਂ ਦਾ ਦਿਲੋਂ ਧੰਨਵਾਦ ਕਰਦਾ ਹਾਂ।"

ਇਸ ਪਾਤਰ-ਸ਼ਰਧਾਂਜਲੀ ਸਮਾਰੋਹ ਸਮੇਂ ਸਤਿਗੁਰੂ ਜੀ ਦੇ ਪ੍ਰਵਚਨਾਂ ਤੋਂ ਬਾਅਦ ਅਜੀਤ ਸਿੰਘ ਲਾਇਲ ਜੀ ਨੇ ਪਾਤਰ ਜੀ ਦੇ ਇੱਕ ਸ਼ੇਅਰ ਨਾਲ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਏਸੇ ਸ਼ੇਅਰ ਨਾਲ ਹੀ ਪੰਜਾਬੀ ਦੇ ਅਨਮੋਲ ਹੀਰੇ ਪ੍ਰੇਮ ਦੇ ਪਾਤਰ, ਪਦਮ ਸ੍ਰੀ ਸੁਰਜੀਤ ਸਿੰਘ ਪਾਤਰ ਜੀ ਨੂੰ ਅਤੇ ਉਨ੍ਹਾਂ ਦੀਆਂ ਹਰ ਰੰਗ ਦੀਆਂ ਨਜ਼ਮਾਂ, ਗੀਤਾਂ, ਗ਼ਜ਼ਲਾਂ ਨੂੰ ਨਮਨ ਕਰਦਾ ਹੋਇਆ ਇਸ ਲੇਖ ਨੂੰ ਸਮਾਪਤਮ ਸਤਿ, ਸੁਭਮ ਸਤਿ ਕਰਦਾ ਹਾਂ-

'ਤੁਸਾਂ ਬਾਤ ਜੋ ਕਹੀ ਹੈ,
ਸੱਜਰੀ ਹਵਾ ਜਹੀ ਹੈ,
ਪਹਾੜ ਦਾ ਸੁਨੇਹਾ,
ਤੇ ਸਵੇਰਿਆਂ ਦੀ ਸੋਅ ਹੈ।'

..............................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**5 ਅਪਰੈਲ 1987, ਐਤਵਾਰ**
**ਹੁਸੈਨਪੁਰ (ਹੁਸ਼ਿਆਰਪੁਰ)**

ਇਸ ਗੱਲ ਦਾ ਪਿੰਡਾਂ ਵਿੱਚ ਪ੍ਰਭਾਵ ਸੀ। ਸਾਡੇ ਸੱਜਣਾਂ ਸਿੱਧੇ ਰਾਹੇ ਜਾਣ ਦੀ ਥਾਂ 35 ਜਣਿਆਂ ਵਾਲੀ ਬੱਸ ਜਿਸ ਵਿੱਚ 5-7 ਬੀਬੀਆਂ ਵੀ ਸਨ, ਸੜਕ ਤੇ ਸਫ਼ਰ ਕਰਕੇ ਅਗਲੇ ਪਿੰਡ ਲੈ ਗਏ। ਜਿੰਨਾਂ ਦੇ ਘਰ ਢੁੱਕਣਾ ਸੀ ਉਹ ਸ਼ਰਾਬ ਦੇ ਠੇਕੇਦਾਰ ਸਨ। ਕੰਮ ਉਹਨਾਂ ਵੀ ਬੰਦ ਕੀਤਾ ਹੋਇਆ ਸੀ। ਮੇਰੇ ਲਈ ਇਹ ਲੋਕਾਚਾਰ ਦਾ ਵਿਆਹ, ਪਹਿਲੀ ਵਾਰ ਏਨੀ ਨੇੜਿਉਂ ਹੋ ਕੇ ਵੇਖਣ ਦਾ ਮੌਕਾ ਸੀ। ਨੋਟ ਕਰਦਾਂ ਹਾਂ ਕਿ ਸਾਡੇ ਵਰਗਿਆਂ ਨੂੰ ਥੋੜੀ ਜਿਹੀ ਝਲਕ ਮਿਲ ਸਕੇ। ਲੜਕੇ ਵਾਲਿਆਂ ਵਲੋਂ ਇੱਕ ਬੱਸ ਅਤੇ ਕਾਰ ਕਿਰਾਏ ਤੇ ਕੀਤੇ ਗਏ ਸਨ। 900+450=1350 ਦਾ ਖਰਚ। ਪਿੰਡ ਦੇ ਵਸੀਂਵੇਂ ਵਿੱਚ ਵੜ੍ਹਦਿਆਂ ਹੀ, ਲੜਕੀ ਵਾਲਿਆਂ ਵਲੋਂ ਕਿਰਾਏ ਤੇ ਕੀਤੇ ਬੈਂਡ ਵਾਜਿਆਂ ਵਾਲਿਆਂ, ਵਜਾਉਦਿਆਂ ਹੋਇਆ ਸਾਨੂੰ ਘਰ ਦੇ ਬਾਹਰ ਵਾਰ ਤੱਕ ਸੜਕ ਉੱਤੇ ਖੜ੍ਹਿਆ। ਏਥੇ ਮਿਲਣੀ ਦਾ ਪ੍ਰਬੰਧ ਸੀ। ਪਹਿਲਾਂ ਲੜਕੇ ਨੂੰ ਇੱਕ ਸੋਨੇ ਦਾ ਕੜਾ ਅਤੇ ਮੁੰਦਰੀ ਪਹਿਨਾਈ ਅਤੇ 500 ਨਕਦ ਅਤੇ ਮਿਸ਼ਰੀ ਛੁਹਾਰੇ ਉਹਦੇ ਲਾਲਾ ਪੱਲੂ ਵਿੱਚ ਪਾਏ ਗਏ। ਇਹ ਸਾਰਾ ਸਮਾਨ ਉਸਨੇ ਮੋਢੇ ਤੇ ਵਲਾਕੇ ਰੱਖਿਆ ਹੋਇਆ ਸੀ ਅਤੇ ਇੱਕ ਕੰਬਲੀ ਤੇ ਪਗੜੀ ਵੀ ਉਸਨੂੰ ਭੇਟ ਕੀਤੇ ਗਏ। ਉਧਰੋਂ ਇਹਨਾਂ ਦਾ ਨਾਈ ਇਹ ਸੇਵਾ ਨਿਭਾ ਰਿਹਾ ਸੀ। ਏਧਰੋਂ ਸਾਡੇ ਘਰ ਦਾ ਨਾਈ ਲਗਨ ਸ਼ਗਨ ਪ੍ਰਾਪਤ ਕਰ ਰਿਹਾ ਸੀ। ਜਦ ਤੱਕ ਇਹ ਰਸਮ ਹੋਈ ਬੈਂਡ ਵੱਜਿਆ। ਫੇਰ ਲੜਕੇ ਤੇ ਲੜਕੀ ਦੀ ਮਿਲਣੀ ਹੋਈ। ਇੱਕ ਕੰਬਲ ਤੇ 100 ਰੁਪਏ ਉਸਨੂੰ ਮਿਲੇ। ਫਿਰ ਬੈਂਡ ਵਾਲਿਆਂ ਸੁਰਾਂ ਛੇੜੀਆਂ। 100 ਮਾਈ ਨੇ ਹੀ ਵਾਪਸ ਕੀਤਾ। ਨਾਈਆਂ ਦਾ ਰਕਮ ਵਟਾਂਦਰਾ ਪਹਿਲਾਂ ਵੀ ਹੋਇਆ ਸੀ ਅਤੇ ਇਹ ਸਾਰਾ ਕੁਝ ਮਿਲਣੀਆਂ ਸਮੇਂ ਹੋਇਆ ਸੀ। ਫਿਰ ਮੇਰੀ ਵਾਰੀ ਆਈ ਦਾਦੇ ਦੇ ਤੌਰ ਤੇ ਇੱਕ ਕੰਬਲ ਮੇਰੇ ਹੱਥ ਲੱਗ ਗਿਆ।

ਇਸ ਤਰ੍ਹਾਂ ਹੀ ਲਾੜੇ ਦਾ ਭਰਾ, ਸਰਬਾਲੇ ਦਾ ਸਤਿਕਾਰ ਕੀਤਾ ਗਿਆ। ਚਾਚੇ, ਫੁੱਫੜ, ਮਾਮੇ ਨੂੰ ਕੰਬਲ ਦਿੱਤੇ ਗਏ। ਦੂਜਿਆਂ ਨੂੰ ਪੱਗਾਂ, ਪੱਗਾਂ ਵੀ ਲੱਗ ਗਈਆਂ। ਹਰ ਕਿਸੇ ਨੇ ਸਿਰ ਵਾਰਨਾ ਕਰਕੇ ਦੋ ਦੋ ਰੁਪੈ ਦੂਜੀ ਧਿਰ ਦੇ ਨਾਈ ਨੂੰ ਦਿੱਤੇ। ਇਸ ਕਾਰਜ ਸਮੇਂ ਪਿੰਡ ਵਾਲੇ ਤੇ ਹੋਰ ਲੋਕ ਵੀ ਚੋਖੀ ਗਿਣਤੀ ਵਿੱਚ ਉਪਸਥਿਤ ਸਨ। ਉੱਧਰੋਂ ਲੜਕੀ ਵਾਲੇ ਰਿਸ਼ਤੇਦਾਰ ਆਉਂਦੇ, ਏਧਰੋਂ ਉਸੇ ਪੱਧਰ ਦੇ ਰਿਸ਼ਤੇਦਾਰ ਲੜਕੇ ਵਾਲਿਆਂ ਵਲੋਂ ਆਉਂਦੇ ਰਹੇ। ਮਿਲਣੀ ਤੋਂ ਪਹਿਲੋਂ ਦੋ ਸ਼ਬਦ ਪੜ੍ਹਕੇ ਭਾਈ ਗ੍ਰੰਥੀ ਸਾਹਿਬ ਨੇ ਦਸਾਂ ਪਾਤਸ਼ਾਹੀਆਂ ਤੇ ਸ਼ਹੀਦਾਂ ਦੀ ਅਰਦਾਸ ਕਰ ਲਈ ਸੀ। ਟੇਬਲਾਂ ਤੇ ਲੱਗੇ ਪਦਾਰਥਾਂ ਵਿੱਚੋਂ ਪ੍ਰਾਹੁਣਿਆਂ ਨੇ ਆਪਣੀ ਇੱਛਾ ਤੇ ਲੋੜ ਅਨੁਸਾਰ ਪਦਾਰਥ ਛਕੇ। ਕਈ ਤਰ੍ਹਾਂ ਦੀਆਂ ਮਿਠਾਈਆਂ ਚਾਹ ਅਤੇ ਪਾਣੀ ਦੇ ਨਾਲ ਸਨ। ਘੰਟੇ ਡੇਢ ਪਿੱਛੋਂ ਫੇਰ ਬੁਲਾਵਾ ਆਇਆ। ਬੈਂਡ ਵਾਲੇ ਪਹਿਲਾਂ ਸਾਨੂੰ ਅਰਾਮ ਸਥਾਨ ਤੇ ਛੱਡ ਗਏ ਸਨ ਹੁਣ ਫਿਰ ਲੈਣ ਆ ਗਏ। ਪੱਕੇ ਘਰ ਦੇ ਵਿਹੜੇ ਅੱਗੇ ਚਾਨਣੀਆਂ ਕਨਾਤਾਂ ਨਾਲ ਪੰਡਾਲ ਸੁਸ਼ੋਭਿਤ ਸਨ। ਲਾਗਾਂ ਵੀ ਕਨਾਤਿਆਂ ਤੇ ਚਮਕਣੀਆਂ ਲੜੀਆਂ ਨਾਲ ਸ਼ਿੰਗਾਰਿਆ ਸੀ। ਅਕਾਲੀ ਢੰਗ ਨਾਲ ਵਿਆਹ ਹੋਣਾ ਸੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸਨ। ਜਿੱਥੇ ਰਾਗੀਆਂ ਦੁਆਰਾ ਦੋ ਸ਼ਬਦ ਪੜ੍ਹੇ ਜਾ ਕੇ, ਸਾਰੀ ਸੰਗਤ ਨੂੰ ਬੈਠਿਆਂ ਰੱਖ ਕੁੜੀ ਮੁੰਡੇ ਤੇ ਇਹਨਾਂ ਦੇ ਪਿਤਾਵਾਂ ਨੂੰ ਉਠਾਕੇ, ਉੱਚੀ ਅਰਦਾਸਾ ਕੀਤਾ

ਗਿਆ ਸੀ ਕਿ ਇਹਨਾਂ ਦਾ ਆਨੰਦ ਕਾਰਜ ਹੋਣ ਲੱਗਾ ਹੈ। ਫੇਰ ਘੁੰਡ ਵਾਲੀ ਲੜਕੀ ਤੇ ਲੜਕੇ ਨੂੰ ਜੋ ਦਰਬਾਰ ਸਾਹਿਬ ਦੇ ਸਾਹਵੇਂ ਬੈਠੇ ਸਨ ਵਿਸ਼ੇਸ਼ ਵਿਛਾਉਣੇ ਤੇ।

ਹੁਣ ਰਾਗੀਆਂ ਤੇ ਪਾਠੀਆਂ ਦੇ ਲਾਵਾਂ ਕੀਤੇ ਜਾਣ ਉਪਰੰਤ ਜੋੜਾ ਆਪਣੇ ਪੈਰਾਂ ਤੇ ਹੀ ਖਲੋ ਜਾਂਦਾ, ਫੇਰ ਪਾਠੀ ਲਾਵਾਂ ਦਾ ਉਚਾਰਨ ਕਰਦਾ। ਇੰਜ ਚਾਰ ਲਾਵਾਂ ਜੋੜੇ ਨੇ ਉੱਠ ਬੈਠ ਕੇ ਸੁਣੀਆਂ। ਲਾਵਾਂ ਦਾ ਪਾਠ ਵੀ ਦੂਹਰਾ ਹੋਇਆ। ਫਿਰ ਪੰਜ ਪੌੜੀਆਂ ਅਨੰਦ ਪੜ੍ਹ ਕੇ ਇੱਕ ਸ਼ਬਦ ਗਾ ਕੇ ਅਨੰਦ ਕਾਰਜ ਹੋਣ ਦਾ ਅਰਦਾਸਾ ਹੋ ਗਿਆ। ਫਿਰ ਰੋਟੀ ਖਾਣ ਆਏ ਤਾਂ ਜਵਾਨ ਮੁੰਡਿਆਂ, ਨੇ ਘੁਟ ਘੁਟ ਪੀ ਕੇ ਬੈਂਡ ਵਾਜਿਆਂ ਦੀ ਧੁਨ ਤੇ ਨੱਚਦਿਆਂ ਗ੍ਰਹਿ ਪ੍ਰਵੇਸ਼ ਕੀਤਾ, ਫੇਰ ਕੁਝ ਸ਼ਗਨ ਸਾਰ ਹੋਇਆਂ ਤਾਂ ਰੋਟੀ ਖਾਧੀ ਗਈ। ਰੋਟੀ ਵੇਲੇ ਲੜਕੀ ਦੀ ਵਿਸ਼ੇਸ਼ ਰੋਟੀ 51 ਰੁਪੈ ਨਾਲ ਧਰਕੇ ਭੇਜੀ। ਇਸ ਵੇਲੇ ਦੋ ਤਿੰਨ ਲਾਗੀ 50-50 ਰੁਪਏ ਲੈ ਕੇ ਗਏ। ਲੜਕੇ ਵਾਲਿਆਂ ਅਨੰਦ ਕਾਰਜ ਸਮੇਂ ਏਥੋਂ ਦੇ ਦੋ ਗੁਰਦੁਆਰਿਆਂ ਨੂੰ 100-100 ਅਤੇ ਸਕੂਲ ਨੂੰ 51 ਰੁਪੈ ਦਿੱਤੇ। ਰੋਟੀ ਖਾ ਕੇ ਅਸੀਂ ਵਾਪਸ ਪਰਤੇ ਵਿਵਾਹਤ ਲੜਕੀ ਨੂੰ ਲੈ ਕੇ। ਮੇਰਾ ਪੁੱਤਰ ਦਾਜ ਲੋਭੀ ਨਹੀਂ। ਤਾਂਵੀ ਲੜਕੀ ਵਾਲੇ ਆਪਣੀ ਧੀ ਦਾ ਸਮਾਨ ਭੇਜਣਗੇ, ਇਹ ਸੰਕੇਤ ਅੱਤਵਾਦੀਆਂ ਦੇ ਦਬਕੇ ਕਾਰਨ ਹੀ ਹੈ।

## 6 ਅਪਰੈਲ, 1987,
## ਸੋਮਵਾਰ, ਪਟਿਆਲਾ

2 ਅਪਰੈਲ ਤੋਂ ਮੈਂ ਜੀ. ਟੀ. ਰੋਡ ਤੇ ਸਫਰ ਕਰਦਿਆਂ ਪਾਣੀਪਤ ਦੇ ਨੇੜੇ ਹਰਿਆਣੇ ਵਿੱਚ ਪਾਈ ਵਾਢੀ ਦੇਖੀ ਸੀ। ਅਰਥਾਤ ਫਸਲਾਂ ਏਨੀ ਸ਼ਿੱਦਤ ਨਾਲ ਪੱਕ ਗਈਆਂ ਸਨ ਕਿ ਵਾਢੀ ਦਾ ਆਰੰਭ ਵੈਸਾਖੀ ਤੋਂ 12-13 ਦਿਨ ਪਹਿਲਾਂ ਹੋ ਗਿਆ। ਪੰਜਾਬ ਵਿੱਚ ਹੋਰ ਦੋ ਦਿਨ ਬਾਅਦ ਮੈਂ ਟਰਾਲੀ ਲੱਦੀ, ਨਵੀਂ ਕਣਕ ਘਰ ਜਾਂਦੀ ਜਾਂ ਮੰਡੀ ਪਹੁੰਚਦੀ ਵੀ ਵੇਖ ਲਈ। ਇਸ ਵੇਲੇ ਹਰਿਆਣਾ ਅਤੇ ਪੰਜਾਬ ਵਿੱਚ ਜਿੱਥੋਂ ਤੱਕ ਵੀ ਨਜਰ ਜਾਂਦੀ ਹੈ ਸੁਨਹਿਰੀ ਸਿੱਟਿਆ ਦੀ ਬਾਦਸ਼ਾਹਤ ਹੈ। ਹੁਣ ਹਰਿਆਲੀ ਕੇਵਲ ਖੇਤਾਂ ਸੜਕਾਂ ਤੇ ਲੱਗੇ ਬਿਰਛਾਂ ਦੀ ਹੈ। ਇਸ ਗੱਲ ਦੀ ਤਸੱਲੀ ਹੈ ਕਿ ਫਸਲ ਬਿਨਾਂ ਕਿਸੇ ਕੁਦਰਤੀ ਕਹਿਰ ਦੇ ਪੱਕ ਗਈ ਹੈ। ਮਸ਼ੀਨੀ ਯੁਗ ਹੋਣ ਕਰਕੇ, ਲੱਗਦਾ ਹੈ ਜਿਵੇਂ ਵੈਸਾਖੀ ਤੱਕ ਬਹੁਤ ਥੋੜੇ ਖੇਤ ਖਲੋਤੇ ਰਹਿ ਜਾਣਗੇ। ਪੰਜਾਬ ਵਿੱਚ ਸਫਰ ਕਰਦਿਆਂ ਇਹ ਵੇਖਿਆ ਹੈ ਕਿ ਪੰਜਾਬ ਦੇ ਖੇਤਾਂ ਵਿੱਚ ਫਸਲ ਬੱਸ ਥੋੜੇ ਦਿਨਾਂ ਦੀ ਹੀ ਪ੍ਰਾਹੁਣੀ ਹੈ। ਕੰਬਾਈਨਾਂ ਖੇਤਾਂ ਵੱਲ ਜਾ ਰਹੀਆ ਹਨ ਤੇ ਥ੍ਰੈਸ਼ਰ ਸੈਟ ਕੀਤੇ ਜਾ ਰਹੇ ਹਨ। ਇਹਨਾਂ ਮਸ਼ੀਨਾਂ ਦੀ ਵਿਕਰੀ ਵੀ ਕਾਰੀਗਰ ਲੋਕ ਛੇਤੀ ਕਰ ਲੈਣਗੇ। ਆਪਣੇ ਇਸ ਸਫਰ ਵਿੱਚ ਮੈਂ ਕੁਰਕਛੇਤਰ, ਕਰਨਾਲ, ਅੰਬਾਲਾ, ਰੋਪੜ, ਲੁਧਿਆਣਾ, ਹੁਸ਼ਿਆਰਪੁਰ, ਕਪੂਰਥਲਾ ਅਤੇ ਪਟਿਆਲਾ ਜਿਲਿਆਂ ਦਾ ਟੂਰ ਮਾਰਿਆ ਹੈ। ਕਣਕਾਂ ਦੀ ਫਸਲ ਬਹੁਤ ਵਧੀਆ ਲੱਗੀ ਹੈ। ਉਮੀਦ ਹੈ ਕਿ ਦੇਸ਼ ਦਾ ਭੰਡਾਰ ਭਰਪੂਰ ਹੋ ਜਾਵੇਗਾ।

ਇੱਕ ਫਸਲ ਹੋਰ ਵੀ ਬਹੁਤ ਜੋਰ ਸ਼ੋਰ ਨਾਲ ਵੱਢੀ ਜਾ ਰਹੀ ਹੈ ਅਤੇ ਉਹ ਹੈ ਮਨੁੱਖੀ ਫਸਲ। ਜਿੰਨਾਂ ਅੱਤਵਾਦੀਆਂ ਨੂੰ ਸਰਕਾਰ ਖ਼ਤਮ ਕਰਨ ਜਾ ਰਹੀ ਸੀ, ਰੋਜ ਗ੍ਰਿਫਤਾਰੀਆਂ ਹੁੰਦੀਆਂ; ਫੇਰ ਵੀ ਪੰਜਾਬ ਵਿੱਚ 8-10 ਲੋਕ ਰੋਜਾਨਾ ਕਤਲ ਹੋ ਰਹੇ ਹਨ। ਇਸ ਵੱਚ ਹਿੰਦੂ ਸਿੱਖ ਦਾ ਕੋਈ ਫਰਕ ਨਹੀਂ। ਜਿਹੜਾ ਵੀ ਅੱਤਵਾਦੀ ਵੱਖਵਾਦੀ ਸ਼ਕਤੀਆਂ ਦੇ ਵਿਰੁੱਧ ਗੱਲ ਕਰਦਾ ਹੈ, ਉਸਨੂੰ ਸਵੇਰੇ ਮੌਤ ਦੇ ਵਪਾਰੀਆਂ ਦੀਆਂ ਗੋਲੀਆਂ ਭੁੰਨ ਜਾਂਦੀਆਂ ਹਨ। ਸੀ. ਆਰ. ਪੀ. ਐਫ. ਅਤੇ ਪੁਲਿਸ ਦਸਤੇ ਵੀ ਇੱਕ ਅੱਧਾ ਰੋਜ ਫਟਕਦੇ ਹਨ ਪਰ ਅੱਤਵਾਦੀਆਂ ਵਲੋਂ ਕਤਲਾਂ ਦੀ ਗਿਣਤੀ ਵਧੇਰੇ ਹੁੰਦੀ ਹੈ। ਫੇਰ ਵੀ ਜਿੰਨਾਂ ਥਾਵਾਂ ਤੇ ਮੈਂ ਕੰਮ ਕਾਰ ਲਈ ਫਿਰਿਆ ਹਾਂ, ਹਿੰਦੂ ਸਿੱਖਾਂ ਦੀ ਏਕਤਾ ਵੀ ਵੇਖੀ ਹੈ ਤੇ ਅੰਦਰੂਨ ਸਹਿਮ ਵੀ। ਉਂਜ ਲੋਕ ਰੁਟੀਨ ਦਾ ਕੰਮ ਜਿਉਂ ਦਾ ਤਿਉਂ ਕਰ ਰਹੇ ਹਨ। ਪੁਰਸ਼ਾ ਦੀ ਫਸਲ ਮਾਰਚ ਮਹੀਨੇ ਤੱਕ ਹੀ 105 ਫੀਸਦੀ ਤੱਕ ਵੱਢੀ ਗਈ ਹੈ। ਜਦ ਤੱਕ ਪੰਜਾਬ ਵਿੱਚ ਹਥਿਆਰ ਹਨ, ਅੱਤਵਾਦੀਆਂ ਵਲੋਂ ਪੁਲਿਸ, ਸੀ. ਆਰ. ਪੀ. ਐਫ. ਅਤੇ ਆਮ ਲੋਕ ਮਾਰੇ ਜਾਂਦੇ ਰਹਿਣਗੇ। ਬੇਥੇਰੇ ਸਿੱਖ ਮਾਰੇ ਜਾ ਰਹੇ ਹਨ ਕਿਉਂਕਿ ਉਹਨਾਂ ਬਾਰੇ ਮੁਖਬਰੀ ਦਾ ਸ਼ੱਕ ਹੈ। ਹੱਤਿਆਵਾਂ ਦਾ ਖੇਤਰ ਅੱਤਵਾਦੀ- ਵੱਖਵਾਦੀਆਂ ਵਿੱਚ ਪਰਸਪਰ ਮਸ਼ਕੂਕ ਹਾਲਾਤਾਂ ਤੱਕ ਪਸਰ ਗਿਆ ਹੈ। ਦੇਸ਼ ਦਾ ਕੀ ਭਵਿੱਖ ਹੈ, ਅਜੇ ਸਾਰਾ ਕੁਝ ਧੁੰਧਲਾ ਹੈ।

ਪੰਜਾਬ ਵਿੱਚ ਕਾਰੋਬਾਰ ਠੱਪ ਹੋ ਰਹੇ ਹਨ। ਕੋਈ ਕਿਸ ਨੂੰ ਅਧਾਰ ਨਹੀਂ ਦਿੰਦਾ। ਬੇਕਾਰੀ ਵੱਧ ਰਹੀ ਹੈ। ਪਿਛਲੇ ਕੁਝ ਦਿਨਾਂ ਤੋਂ ਅੱਤਵਾਦੀਆਂ ਨੇ ਨਵਾਂ ਬੁਰਕਾ ਪਾ ਲਿਆ ਹੈ ਸੁਧਾਰ ਦਾ। ਉਹ ਸ਼ਰਾਬ ਦੇ ਠੇਕੇ, ਮਾਸ ਦੀਆਂ ਦੁਕਾਨਾਂ ਤੇ ਬੀੜੀ,

ਸਿਗਰਟਾਂ ਵਾਲੇ ਖੋਖਿਆਂ ਨੂੰ ਧਮਕੀਆਂ ਭਰੇ ਪੱਤਰ ਲਿਖ ਰਹੇ ਹਨ ਤੇ ਮਾਰ ਦੇਣ ਦੀ ਧਮਕੀ ਦੇ ਰਹੇ ਹਨ ਕਿ ਵੈਸਾਖੀ ਤੱਕ ਕਿਤੇ ਬਦਲੇ ਨਹੀਂ ਤਾਂ.... ਅਤੇ ਅੱਗਾਂ, ਲੁੱਟਾਂ ਬੈਂਕ ਡਕੈਤੀਆਂ ਦਾ ਬਜਾਰ ਗਰਮ ਹੈ। ਵਿਆਹ ਸ਼ਾਦੀਆਂ ਤੇ 11 ਜਣੇ ਜਾਣ, ਦਾਜ ਦੇ ਲੋਭੀਆਂ ਦੀ ਸ਼ਿਕਾਇਤ ਸਿੱਖ ਫੈਡਰੈਸ਼ਨ ਦੇ ਦਫ਼ਤਰਾਂ ਵਿੱਚ ਪੁਚਾਈਆਂ ਜਾਣ ਐਸੀ ਇਸ਼ਿਤਿਹਾਰ ਬਾਜੀ ਵੀ ਹੈ। ਪੰਜਾਬ ਵਿੱਚ ਕੋਈ ਸੁਰੱਖਿਅਤ ਨਹੀਂ। ਮੇਰੇ ਪਟਿਆਲੇ ਗਿਆ ਪ੍ਰੋ. ਕਸੇਲ ਫਿਰ ਨਹੀਂ ਮਿਲੇ । 7 ਤਰੀਕ ਨੂੰ ਸ਼ਾਮ ਤੱਕ ਆਉਣ ਦਾ ਸੁਨੇਹਾ ਮਿਲਿਆ ਪਰ ਉਹ ਰਾਤੀਂ 8 ਵਜੇ ਦੇ ਕਰੀਬ ਪਹੁੰਚ ਹੀ ਗਏ। ਉਹਨਾਂ ਦਾ ਇੱਕ ਭਣੇਵਾਂ ਜੋ ਕਦੇ ਅੱਤਵਾਦੀਆਂ ਦੀ ਕ੍ਰਿਪਾ ਦਾ ਪਾਤਰ ਸੀ, ਪਿਛਲੇ ਦਿਨੀਂ ਇਹਨਾਂ ਵੱਲੋਂ ਕਤਲ ਕੀਤਾ ਗਿਆ ਹੈ। ਰਾਤ ਆਉਂਦਿਆਂ ਹੀ ਅਸੀਂ ਕੰਮ ਵਿੱਚ ਜੁੱਟ ਗਏ ਅੱਧੀ ਰਾਤ 11 ਵਜੇ ਤੱਕ ਕੁਝ ਕੰਮ ਮੁਕਾਇਆ।

## 7 ਅਪਰੈਲ, 1987;
## ਮੰਗਲਵਾਰ, ਪਟਿਆਲਾ

ਪ੍ਰੋ. ਕਿਰਪਾਲ ਸਿੰਘ ਕਸੇਲ, ਜਿਸਨੂੰ ਭਾਸ਼ਾ ਵਿਭਾਗ, ਸ਼੍ਰੋਮਣੀ ਸਾਹਿਤਕਾਰ ਦੀ ਪਦਵੀ ਨਾਲ ਸਨਮਾਨਤ ਕਰ ਚੁਕੀ ਹੈ ਅਤੇ ਸਾਹਿਤ ਅਕਾਡਮੀ ਪੰਜਾਬ ਵਲੋਂ ਵੀ ਸਨਮਾਨਤ ਹਨ। ਹੋਰ ਸੰਸਥਾਵਾਂ ਨੇ ਜਿੰਨਾਂ ਦਾ ਆਦਰ ਸਤਿਕਾਰ ਕੀਤਾ ਹੈ, ਦਰਜਨਾਂ ਪੁਸਤਕਾਂ ਦੇ ਰਚਨਾਕਾਰ ਹਨ, ਦੀ ਦਿਨ ਚਰਿਆ ਦੇਵਤਿਆਂ ਦੇ ਵਰਗੀ ਹੈ। ਅੱਖੀਆਂ ਦੀ ਜੋਤ ਨਾ ਰਹਿਣ ਕਰਕੇ ਉਹ ਦੂਜਿਆਂ ਦੀ ਸਹਾਇਤਾ ਦੇ ਮੁਥਾਜ ਹਨ। ਅੱਜ ਕੱਲ ਉਹਨਾਂ ਦੇ ਪਿੰਡ ਕਸੇਲ ਦਾ ਹੀ ਇੱਕ ਲੜਕਾ ਜਸਵਿੰਦਰ ਸਿੰਘ ਉਹਨਾਂ ਦਾ ਸਹਾਇਕ ਹੈ ਅਤੇ ਉਹ ਮਹਿੰਦਰਾ ਕਾਲਜ ਵਿੱਚ 11 ਵੀਂ ਦਾ ਸਟੂਡੈਂਟ ਹੈ। ਪ੍ਰੋ. ਕਸੇਲ ਜੀ 4 ਵਜੇ ਅੰਮ੍ਰਿਤ ਵੇਲੇ ਉੱਠੇ ਹਨ। ਇਕੱਲਿਆਂ ਹੀ ਗੁਸਲਖਾਨੇ ਵਿੱਚ ਜਾ ਕੇ, ਮੂੰਹ ਹੱਥ ਧੋ ਕੇ ਅੰਮ੍ਰਿਤਸਰ ਦਾ ਰੇਡੀਉ ਸਟੇਸ਼ਨ ਲਾ ਕੀਰਤਨ ਸੁਣਦਿਆਂ ਇੱਕ ਮਾਲਾ ਭਜਨ ਦੀ ਫੇਰੀ ਹੈ। ਦਿਨ ਚੜ੍ਹੇ ਇਸ਼ਨਾਨ ਕਰ 15 ਮਿੰਟ ਸਿਮਰਨ ਕਰ ਸਰਹਾਣੇ ਰੱਖੇ ਗੁਟਕੇ ਨੂੰ ਉਠਾ ਉਸ ਵਿੱਚੋਂ ਗ੍ਰੰਥ ਸਾਹਿਬ ਵਿੱਚੋਂ ਤੁਕ ਲੈਣ ਵਾਂਗ ਅਤੇ ਉਹ ਉਸ ਪੰਨੇ ਦਾ ਸ਼ਬਦ ਪੜ੍ਹਦਾ ਹੈ। ਫਿਰ ਕਾਲਜ ਦੀ ਡਿਊਟੀ ਦੇ ਤੇ ਹੋਰ ਕੰਮ ਭੁਗਤਾਂਦਿਆਂ ਰਾਤੀਂ ਸੋਣ ਤੋਂ ਪਹਿਲੋਂ ਦਾਤਨ ਬੁਰਸ਼ ਕਰ, ਪੰਜ ਸ਼ਨਾਨਾ ਕਰ, 15 ਮਿੰਟ ਨਾਮ ਸਿਮਰਨ ਕਰ ਬਿਰਾਜਦੇ ਹਨ। ਸ਼੍ਰੀ ਸਤਿਗੁਰੂ ਜੀ ਨਾਲ ਉਨ੍ਹਾਂ ਦਾ ਸਤਿਕਾਰ ਅਤੇ ਭਾਵਨਾ ਮਈ ਸਨੇਹ ਹੈ।

ਅਸੀਂ ਅੱਜ ਤੱਕ ਗੁਰੂ ਹਰੀ ਸਿੰਘ ਜੀ ਬਾਰੇ ਪੰਜਾਬ ਕੋਸ਼ ਦੀ ਐਂਟਰੀ ਮੁਕੰਮਲ ਕਰ ਲਈ ਹੈ। ਪ੍ਰੋ. ਕਸੇਲ ਦੇ ਪੁਸਤਕ ਭੰਡਾਰ ਵਿੱਚ ਪੰਜਾਬੀ ਦੁਨੀਆ ਦੇ ਮਾਰਚ 87 ਦੇ ਅੰਕ ਵਿੱਚ ਸ. ਕਪੂਰ ਸਿੰਘ ਦੀ ਪੁਸਤਕ ਸਪਤ ਸ੍ਰਿੰਗ ਉੱਤੇ ਡਾ. ਅਵਿਨਾਸ਼ ਕੌਰ (ਸ਼ਾਇਦ ਮੰਡੀ ਹਿਮਾਚਲ) ਦਾ ਇੱਕ ਲੇਖ ਛਪਿਆ ਹੈ ਜਿਸਨੂੰ ਇਸ ਰਸਾਲੇ ਵਿੱਚ ਪਹਿਲ ਦਿੱਤੀ ਗਈ ਹੈ ਅਤੇ ਸ. ਕਪੂਰ ਸਿੰਘ ਨੇ ਪਹਿਲ ਦਿੱਤੀ ਹੈ ਗੁਰੂ ਰਾਮ ਸਿੰਘ ਜੀ ਨੂੰ ਡਾ. ਅਵਿਨਾਸ਼ ਨੇ ਇਸ ਤੇ ਵਿਆਖਿਆ ਦਿੱਤੀ ਹੈ।

## 10 ਅਪਰੈਲ, 1987;
## ਸ਼ੁੱਕਰਵਾਰ

ਸੰਤ ਕਿਰਪਾਲ ਸਿੰਘ ਕਰਮਪੁਰਾ ਨੇ ਕਿਤੇ ਦੱਸ ਰੱਖਿਆ ਸੀ ਕਿ ਅੱਜ ਆਸਾ ਦੀ ਵਾਰ ਧਰਮਸ਼ਾਲਾ ਰਮੇਸ਼ ਨਗਰ ਵਿੱਚ ਸਤਿਗੁਰੂ ਜੀ ਦੇ ਸਨਮੁਖ ਹੈ। ਮੇਰੇ ਘਰ ਵਾਲੀ ਉਤਾਵਲੀ ਸੀ ਆਸਾ ਦੀ ਵਾਰ ਦਾ ਕੀਰਤਨ ਸੁਨਣ ਜਾਣ ਲਈ। ਪਰ ਮੈਂ ਅੱਜ ਦੇ ਕੰਮਾਂ ਲਈ ਇਸਨੂੰ ਅਸੁਵਿਧਾ ਜਨਕ ਜਾਣਿਆ ਅਤੇ ਜਦੋਂ ਮੈਂ 11 ਵਜੇ ਦੇ ਕਰੀਬ, ਸੇਠਾਂ ਦੀ ਕੋਠੀ ਸੰਤ ਹਰਭਜਨ ਸਿੰਘ ਨੂੰ ਫੋਨ ਕਰਕੇ ਪੁੱਛਿਆ ਤਾਂ ਪਤਾ ਲੱਗਾ ਕਿ ਸਤਿਗੁਰੂ ਜੀ ਤਿੰਨ ਵਜੇ ਬੰਬਈਉਂ ਜਹਾਜ ਤੇ ਚੜਨਗੇ ਅਤੇ ਲਗਭਗ 5 ਵੱਜੇ ਤੱਕ ਕੋਠੀ ਪਹੁੰਚਣਗੇ। ਮੈਂ ਕਵੀਰਾਜ ਸਿੰਘ ਦੁਖੀ ਨੂੰ ਰਾਸ਼ਟਰਪਤੀ ਜੈਲ ਸਿੰਘ ਨੂੰ ਮਿਲਣ ਦੇ ਉਪਰਾਲੇ ਵਿੱਚ ਗੁਰਚਰਨ ਸਿੰਘ ਨਾਲ ਤਾਲ ਮੇਲ ਕੀਤਾ ਤਾਂ ਸਾਨੂੰ ਕਵੀਰਾਜ ਸਿੰਘ ਦੇ ਇਲਾਕੇ ਦਾ ਸੋਧ ਲਿਸਟ ਤੇ ਸਰਕਾਰੀ ਹਲਕਿਆਂ ਵਿੱਚ ਰਸੂਖ ਰੱਖਣ ਵਾਲਾ ਸ. ਮੋਹਣ ਸਿੰਘ (ਜਲੰਧਰ) ਮਿਲ ਗਿਆ। ਇਸ ਨੇ ਰਾਮੇਸ਼ਵਰ ਰਾਜ ਸਿੰਘ ਦੇ ਕਤਲ ਦੀ c.b.i. ਵਲੋਂ ਪੜਤਾਲ ਕਰਨ ਦੀ ਜਿੰਮੇਵਾਰੀ ਲੈ ਲਈ। ਵਾਪਸ ਪਰਤਦਿਆਂ ਅਸੀਂ ਰਾਹ ਵਿੱਚ ਮੂਸਾ ਰੋਡ ਕੋਠੀ ਵੱਲ ਤੋਂ ਰੋਡ ਵੱਲ ਉੱਤਰੇ। 6.15 ਸਨ ਸ਼ਾਮ ਦੇ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**



**ਰਿਆਸਤ ਬਹਾਵਲਪੁਰ ਦਾ ਦੌਰਾ**

ਰਿਆਸਤ ਵਿਚ ਭੇਡ ਵਾਲੀ ਵਿਖੇ, ਜੈਤਾ ਸਿੰਘ ਨਾਉਂ ਦਾ ਇਕ ਬੜਾ ਪ੍ਰੇਮੀ ਸਿੰਘ ਸੀ, ਬਹਾਵਲਪੁਰ ਦੇ ਦੌਰੇ ਦਾ ਪਹਿਲਾ ਪੜਾਅ ਉਥੇ ਕੀਤਾ। ਓਧਰ ਤਾਇਆ ਸੱਦਾ ਸਿੰਘ ਹੋਰਾਂ ਦੇ ਵੱਟ ਅਜੇ ਨਹੀਂ ਲੱਥੇ ਸਨ। ਉਹਨੇ ਨੀਲਿਆਂ ਵਾਲੀ ਦੇ ਜ਼ੈਲਦਾਰ ਗੁਰਮੁਖ ਸਿੰਘ ਨੂੰ ਸੁਨੇਹਾ ਭੇਜ ਦਿਤਾ ਕਿ ਮਹਾਰਾਜ ਪ੍ਰਤਾਪ ਸਿੰਘ ਦਾ ਦੌਰਾ ਤੇਰੀ ਰਿਆਸਤ ਵਿਚ ਹੋ ਰਿਹਾ ਹੈ। ਤੂੰ ਇਹਨਾਂ ਨੂੰ ਇਧਰ ਨਾ ਆਉਣ ਦੇ। ਅਹਿਲਕਾਰਾਂ ਅਤੇ ਆਪਣੇ ਰਸੂਖ ਵਾਲੇ ਬੰਦਿਆਂ ਦੀ ਮੱਦਦ ਨਾਲ ਦੌਰਾ ਡੱਕਣਾ ਚਾਹਿਆ। ਜ਼ੈਲਦਾਰ ਨੇ ਉਸੇ ਵੇਲੇ ਇਕ ਥਾਣੇਦਾਰ ਨੂੰ ਨਾਲ ਲੈ ਕੇ ਭੇਡਵਾਲੀ ਜੈਤਾ ਸਿੰਘ ਦੇ ਘਰ ਜਾ ਕੇ, ਇਕੱਠੀ ਹੋਈ ਸੰਗਤ ਨੂੰ ਥਾਣੇਦਾਰ ਤੋਂ ਕਹਾਉਣਾ ਚਾਹਿਆ ਕਿ ਆਪਣਾ ਸਾਮਾਨ ਚੁੱਕ ਕੇ ਰਿਆਸਤ ਤੋਂ ਬਾਹਰ ਹੋ ਜਾਣ। ਪਰ ਜਦੋਂ ਉਸ ਥਾਣੇਦਾਰ ਨੇ ਸਤਿਗੁਰੂ ਜੀ ਦਾ ਪ੍ਰਤਾਪ ਵੇਖਿਆ ਤਾਂ ਉਸ ਗੁਰਮੁਖ ਸਿੰਘ ਨੂੰ ਕਿਹਾ, "ਮੈਂ ਨਹੀਂ ਇਹਨਾਂ ਨੂੰ ਕੁਝ ਕਹਿ ਸਕਦਾ। ਕਿਉਂਕਿ ਡਾਕੂ ਤਾਂ ਇਹ ਬਣਦੇ ਨਹੀਂ ਜੋ ਤੂੰ ਕਿਹਾ ਸੀ, ਇਹ ਤਾਂ ਮਾਲਾ ਤਸਬੀਆਂ ਫੇਰਨ, ਵਾਲੇ ਸਾਈਂ ਲੋਕ ਜੁੜੇ ਹਨ।

ਤੂੰ ਸਾਡੇ ਪਾਸ ਝੂਠ ਬੋਲਿਆ ਹੈ ਕਿ ਰਿਆਸਤ ਵਿਚ ਡਾਕੂ ਆ ਵੜੇ ਹਨ। ਡਾਕੂ ਇਹੋ ਜਿਹੇ ਹੁੰਦੇ ਹਨ ? ਇਸ ਰਿਆਸਤ ਦੀ ਜ਼ਿਆਦਾ ਵਸੋਂ ਤਾਂ ਮੁਸਲਮਾਨੀ ਹੀ ਸੀ। ਥਾਣੇਦਾਰ ਨੇ ਸਤਿਗੁਰੂ ਜੀ ਨੂੰ ਕਿਹਾ, "ਜੇ ਤੁਸੀਂ ਰਿਆਸਤ ਵਿਚ ਦੌਰਾ ਕਰਨਾ ਹੈ ਤਾਂ ਨਵਾਬ ਸਾਹਿਬ ਪਾਸੋਂ ਲਿਖਵਾ ਲਿਆਓ। ਫਿਰ ਕੋਈ ਵੀ ਤੁਹਾਡੀ ਵਾ ਵੱਲ ਨਹੀਂ ਵੇਖ ਸਕੇਗਾ। ਕਿਉਂਕਿ ਥਾਣੇਦਾਰ ਨੇ ਵੇਖ ਲਿਆ ਸੀ ਕਿ ਸੌ ਸਿੰਘਾਂ ਦਾ ਜਥਾ ਹੈ, ਪੰਝੀ ਘੋੜੇ, ਚਾਰ ਊਠ ਨੇ, ਡਾਕੂਆਂ ਦਾ ਤਾਂ ਇਹ ਮਾਮਲਾ ਹੀ ਨਹੀਂ। ਢਾਡੀ ਵਾਰ ਲਾਉਣ ਵਾਲੇ ਤੇ ਮਿਰਾਸੀ ਰਾਗੀਆਂ ਦਾ ਜਥਾ ਨਾਲ ਹੈ। ਇਕ ਵੇਰ ਤਾਂ ਪੁਲੀਸ ਅਤੇ ਜ਼ੈਲਦਾਰ ਦੇ ਬੰਦੇ ਵੇਖ ਕੇ ਭਾਈ ਜੈਤਾ ਸਿੰਘ ਤਾਂ ਕੁਝ ਡੋਲ ਗਿਆ ਸੀ ਪਰ ਉਸ ਦੇ ਘਰੋਂ ਜਿਹੜੀ ਬੀਬੀ ਸੀ ਉਹ ਬਿਲਕੁਲ ਅਡੋਲ ਰਹੀ। ਪੂਰੀ ਤਿਆਰ-ਬਰ-ਤਿਆਰ ਹੋ ਕੇ ਉਸ ਆਖਿਆ, "ਕਿਹੜਾ ਜੰਮਿਆ ਹੈ ਇਸ ਧਰਤੀ ਤੇ ਸਾਡੇ ਸਤਿਗੁਰੂ ਦਾ ਦੌਰਾ ਰੋਕਣ ਵਾਲਾ ? ਸਾਡੇ ਵੱਡੇ ਦੁਸ਼ਮਣ ਅੰਗਰੇਜ਼ ਹਨ ਜੇ ਉਹਨਾਂ ਦੇ ਇਲਾਕੇ ਵਿਚ ਸਾਨੂੰ ਕੋਈ ਨਹੀਂ ਡੱਕ ਸਕਦਾ ਤਾਂ ਰਿਆਸਤਾਂ ਕੀਹਦੀਆਂ ਪਾਣੀ ਹਾਰ ਹਨ। ਭਾਈ ਜੈਤਾ ਸਿੰਘ ਦੇ ਮਾਲਵੇ ਦੇ ਅੰਗ ਸਾਕ ਵੀ ਇਸ ਦੌਰੇ ਵਿਚ ਸਤਿਗੁਰੂ ਜੀ ਦੇ ਨਾਲ ਸਨ ਤਾਂ ਕਿ ਗੁਰਮੁਖ ਸਿੰਘ ਜ਼ੈਲਦਾਰ ਕੋਈ ਸ਼ਰਾਰਤ ਨਾ ਕਰ ਸਕੇ। "

ਸਤਿਗੁਰੂ ਜੀ ਦੇ ਨਾਲ ਜਿਹੜੇ ਮਲਵਈ ਸਿੰਘ ਸਨ, ਉਹਨਾਂ ਵਿਚੋਂ ਮੁਖੀਆਂ ਦੇ ਨਾਮ ਇਸ ਪ੍ਰਕਾਰ ਹਨ:

1. ਸ. ਮਾਨ ਸਿੰਘ ਅਬੁਲ ਖੁਰਾਣਾ
2. ਸ. ਹਰਚੰਦ ਸਿੰਘ ਕਰਾਈ ਵਾਲਾ
3. ਸ. ਭੈਰੋ ਸਿੰਘ ਲੱਕੜ ਵਾਲੀਆ
4. ਬਾਬਾ ਖੜਕ ਸਿੰਘ ਫੂਲੇ ਵਾਲਾ
5. ਅਰੂੜ ਸਿੰਘ ਬੱਲੂ ਆਣੀਆਂ ਜੋ ਅਤਰੀ ਬੱਧ ਵੇਲੇ 'ਜ਼ਿੰਦਾ ਸ਼ਹੀਦ' ਜਵੰਦ ਸਿੰਘ ਹੋਰਾਂ ਦੇ ਜਥੇ ਵਿਚ ਸੀ।

6. ਲਾਲ ਸਿੰਘ ਬੱਲੂਆਣੀਆ, ਅਰੂੜ ਸਿੰਘ ਦਾ ਛੋਟਾ ਭਾਈ ਸੀ
7. ਰੁਪਾਣੇ ਦਾ ਉੱਤਮ ਸਿੰਘ।
8. ਹਜ਼ਾਰਾ ਸਿੰਘ ਕਾਰੀਗਰ ਨੀਲਿਆਂ ਵਾਲੀ ਦਾ ਹੀ ਸੀ

ਇਸ ਹਜ਼ਾਰਾ ਸਿੰਘ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਮੇਰੇ ਘਰ ਲੰਗਰ ਕਰੋ। ਨਹੀਂ ਤਾਂ ਘੱਟੋ ਘੱਟ ਚਰਨ ਜ਼ਰੂਰ ਪਾਓ।ਮੈਂ ਜਾਣਾਂ ਤੇ ਜ਼ੈਲਦਾਰ ਜਾਣੇ। ਇਸ ਹਜ਼ਾਰਾ ਸਿੰਘ ਦਾ ਰੋਜ਼ ਦਾ ਨਿਤਨੇਮ ਸੀ: ਸਵੇਰੇ ਆਪਣੇ ਘਰ ਆਸਾ ਦੀ ਵਾਰ ਲਾਉਣੀ ਅਤੇ ਰਾਤ ਨੂੰ ਕੀਰਤਨ ਕਰਕੇ ਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਨੀ। ਰਹਿਤ ਬਹਿਤ ਦਾ ਬਹੁਤ ਪੱਕਾ ਸਿੰਘ ਸੀ। ਦੋ ਇਸ ਦੀਆਂ ਸਿੰਘਣੀਆਂ ਸਨ। ਸਤਿਗੁਰੂ ਜੀ ਤੋਂ ਬਿਨਾਂ ਕਿਸੇ ਤੋਂ ਡਰਦਾ ਨਹੀਂ ਸੀ। ਸਤਿਗੁਰ ਸੱਚੇ ਪਾਤਸ਼ਾਹ ਨੇ ਸਲਾਹ ਕਰਕੇ ਹੁਕਮ ਦਿਤਾ ਕਿ ਹਰਨਾਮ ਸਿੰਘ ਘੁੱਦਾਂ ਵਾਲੇ ਨੂੰ ਸੱਦ ਲਿਆਉ। ਅਰੂੜ ਸਿੰਘ ਨੂੰ ਇਹ ਹੁਕਮ ਹੋਇਆ ਬਲੂਆਣੀਏ ਨੂੰ। ਉਹ ਊਠ ਲੈ ਕੇ ਚਾਰ ਕੋਹ ਦੀ ਵਾਟ ਤੋਂ ਹਰਨਾਮ ਸਿੰਘ ਨੂੰ ਘੁੱਦਾਂ ਤੋਂ ਲੈ ਆਇਆ। ਸਤਿਗੁਰੂ ਜੀ ਨੇ ਹੁਕਮ ਦਿਤਾ ਕਿ ਤੁਸੀਂ ਭਾਈ ਹੀਰਾ ਸਿੰਘ ਟਿੱਕੇ ਨੂੰ ਨਾਲ ਲੈ ਕੇ ਬਹਾਵਲਪੁਰ ਨਵਾਬ ਪਾਸ ਜਾਓ। ਹਰਨਾਮ ਸਿੰਘ ਨੇ ਅਰਜ਼ ਕੀਤੀ, "ਜੀ ਤੁਹਾਡਾ ਹੁਕਮ ਮੰਨ ਕੇ ਚਲੇ ਜਾਂਦੇ ਹਾਂ ਬਹਾਵਲਪੁਰ। ਵੈਸੇ ਜ਼ੈਲਦਾਰ ਗੁਰਮੁਖ ਸਿੰਘ ਦੀ ਕੀ ਤਾਕਤ ਹੈ ਪਾਤਸ਼ਾਹ ਦਾ ਦੌਰਾ ਡੱਕਣ ਦੀ? ਪਿੰਡ ਫੂਕ ਦੇਈਏ ਹੁਣੇ ਉਹਦਾ ਸਾਰੇ ਦਾ ਸਾਰਾ।" ਸਤਿਗੁਰੂ ਜੀ ਨੇ ਫੁਰਮਾਇਆ, "ਨਹੀਂ ਭਾਈ ਸਾਡਾ ਤਾਂ ਕਿਸੇ ਨਾਲ ਵੈਰ ਨਹੀਂ। ਤੁਸੀਂ ਕਾਗ਼ਜ਼ੀ ਕਾਰਵਾਈ ਕਰਕੇ ਪੂਰੀ, ਮੁੜ ਆਵੋ। ਆਪੇ ਸਮਝ ਜਾਵੇਗਾ।" ਇਹ ਦੋਵੇਂ ਸਿੰਘ ਬਚਨ ਮੰਨ ਕੇ ਬਹਾਵਲਪੁਰ ਚਲੇ ਗਏ। ਨਵਾਬ ਨੂੰ ਮਿਲ ਕੇ ਦੱਸਿਆ ਕਿ ਸਾਡੇ ਗੁਰੂ ਜੀ ਰਿਆਸਤ ਦਾ ਦੌਰਾ ਕਰਨਾ ਚਾਹੁੰਦੇ ਹਨ। ਸਾਰੀ ਵਿੱਥਿਆ ਦੱਸੀ ਕਿ ਇਸ ਤਰ੍ਹਾਂ ਜ਼ੈਲਦਾਰ ਗੁਰਮੁਖ ਸਿੰਘ ਕੁਝ ਕਿੜ ਰੱਖਦਾ ਹੈ।

ਨਵਾਬ ਨੇ ਆਖਿਆ ਕਿ ਜਿਤਨੇ ਦਿਨ ਮਰਜ਼ੀ ਹੈ ਮਹਾਰਾਜ ਸਾਹਿਬ ਦੌਰਾ ਕਰਨ। ਮੇਰੀ ਰਿਆਸਤ ਉਹਨਾਂ ਦੇ ਚਰਨਾਂ ਦੀ ਛੁਹ ਨਾਲ ਪਵਿੱਤਰ ਹੋ ਜਾਏਗੀ। ਜੇ ਕੋਈ ਦੌਰੇ ਵਿਚ ਵਿਘਨ ਪਾਏਗਾ, ਮੈਂ ਜਿਹਲ ਵਿਚ ਡੱਕ ਦਿਆਂਗਾ। ਹੁਕਮ ਲੈ ਕੇ ਦੋਵੇਂ ਸਿੰਘ ਆ ਗਏ। ਤਿੰਨ ਦਿਨ ਦੌਰਾ ਭੇਡਵਾਲੀ ਰਿਹਾ। ਭੇਡਵਾਲੀ ਤੋਂ ਚੱਲ ਕੇ ਨੀਲਿਆਂ ਵਾਲੀ ਭਾਈ ਹਜ਼ਾਰਾ ਸਿੰਘ ਹੋਰਾਂ ਦੇ ਘਰ ਚਰਨ ਪਾਏ। ਉਥੋਂ ਸਤਿਗੁਰੂ ਜੀ, ਗੁਰਮੁਖ ਸਿੰਘ ਜ਼ੈਲਦਾਰ ਦੇ ਮਹਿਲਾਂ ਦੇ ਹੇਠੋਂ ਦੀ, ਘੋੜੇ ਲੰਘਾ ਕੇ, ਸਮੇਤ ਸੰਗਤ, ਘੁੱਦਾਂ ਚਲੇ ਗਏ। ਜਿਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਭਾਈ ਬਿਧੀ ਚੰਦ ਤੇ ਭਾਈ ਪੈੜਾ ਆਦਿ ਸੂਰਮੇ ਰਹਿੰਦੇ ਸਨ, ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਵੀ ਇਸ ਸਮੇਂ ਹਰਨਾਮ ਸਿੰਘ ਘੁੱਦਾਂ ਵਾਲਾ, ਮਾਨ ਸਿੰਘ ਅਬੁਲ ਖੁਰਾਣੀਆਂ, ਅਰੂੜ ਸਿੰਘ ਬੱਲੂਆਣੀਆ ਆਦਿ ਉਸੇ ਤਰ੍ਹਾਂ ਦੇ ਹੀ ਸੂਰਮੇ ਸਿੰਘ ਸਨ ਜਿਹੜੇ ਆਪਣੇ ਇਸ਼ਟ ਦੇ ਇਸ਼ਾਰੇ 'ਤੇ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਰਹਿੰਦੇ ਸਨ। ਸੂਰਮੇ ਦਾ ਦਾਈਆ ਸਿਰ ਨਾਲ ਹੁੰਦਾ ਹੈ। ਘੁੱਦਾ ਤੋਂ ਅੱਗੇ ਇਕ ਨਗਰ ਸੀ, ਇਕ ਦਿਨ ਦੌਰਾ ਉਥੇ ਰਿਹਾ। ਇਹ ਜਿਹੜੇ ਮਾਲਵੇ ਦੇ ਸਿੰਘ ਸਨ, ਇਕ ਦੂੰ ਇਕ ਚੜ੍ਹਦੇ, ਹਠੀ, ਜਪੀ, ਤਪੀ, ਭਜਨ ਬਾਣੀ ਦੇ ਪੱਕੇ, ਗੁਰੂ ਬਚਨਾਂ ਤੇ ਭਰੋਸਾ ਰੱਖਣ ਵਾਲੇ, ਸੂਰਮੇ ਸਿੰਘ ਸਨ। ਇੱਥੋਂ ਸਤਿਗੁਰੂ ਜੀ ਨੇ ਇਹਨਾਂ ਮਲਵਈ ਸਿੰਘਾਂ ਨੂੰ ਛੁੱਟੀਆਂ ਦੇ ਕੇ ਆਪੋ ਆਪਣੇ ਨਗਰਾਂ ਨੂੰ ਭੇਜ ਦਿਤਾ। ਅਗਲਾ ਦੌਰਾ ਸਤਿਗੁਰੂ ਜੀ ਦੇ ਨਾਲ ਰਹਿ ਕੇ ਇਕ ਗੁਰਮੁਖ ਸਿੰਘ ਅਰੋੜਾ ਨਾਂ ਦਾ ਸਿੰਘ ਕਰਾਉਂਦਾ ਹੈ।

**ਗੁਰਮੁਖ ਸਿੰਘ ਅਰੋੜੇ ਤੇ ਸੂਮ ਦੇ ਧਨ ਦੀ ਸਾਖੀ:**

ਇਹ ਗੁਰਮੁਖ ਸਿੰਘ ਅਰੋੜਾ ਇਕ ਵੇਰ ਆਪਣੇ ਇਲਾਕੇ' ਦੀ ਉਗਰਾਹੀ ਕਰਕੇ ਗੁਰੂ ਹਰੀ ਸਿੰਘ ਜੀ ਪਾਸ ਪਹੁੰਚਿਆ, ਸ੍ਰੀ ਭੈਣੀ ਸਾਹਿਬ। ਜਿਸ ਵੇਲੇ ਸਤਿਗੁਰੂ ਜੀ ਨੂੰ ਮਾਇਆ ਭੇਟ ਕੀਤੀ ਤਾਂ ਉਹਨਾਂ ਨੇ ਦੋ ਰੁਪਏ ਵਿਚੋਂ ਕੱਢ ਕੇ ਬਚਨ ਕੀਤਾ ਕਿ ਇਹ ਪੈਸੇ ਗੁਰੂ ਕੇ ਲੰਗਰ ਵਿਚ ਨਹੀਂ ਪਾਉਣੇ। ਇਹ ਕਿਸੇ ਵੱਡੇ ਸੂਮ ਦਾ ਧਨ ਹੈ। ਸਿੰਘ ਦੇ ਚਿਤ ਵਿਚ ਗੱਲ ਆਈ ਗਈ ਹੋ ਗਈ। ਦੋ ਰੁਪਏ ਉਹ ਆਪਣੇ ਬੋਝੇ ਵਿਚ ਪਾ ਕੇ ਆਪਣੇ ਦੇਸ ਨੂੰ ਚਲਾ ਗਿਆ। ਪਾਕ ਪਟਨ ਗੱਡੀ ਤੋਂ ਉਤਰਿਆ ਤਾਂ ਅੱਗੇ 15-16 ਨਾਂਗੇ ਸਾਧਾਂ ਦਾ ਝੁੰਡ ਉਹਨੂੰ ਟੱਕਰ ਗਿਆ। ਉਸ ਨੇ ਉਹ ਦੋ ਰੁਪਏ, ਉਹਨਾਂ ਸਾਧਾਂ ਨੂੰ ਮੱਥਾ ਟੇਕ ਦਿਤਾ। ਉਹਨਾਂ ਸਾਧਾਂ ਨੇ ਰਸਦ ਮੰਗਵਾ ਕੇ ਕੜਾਹ ਪ੍ਰਸ਼ਾਦ ਕੀਤਾ। ਉਹ ਬੜੇ ਸਵੱਲੋ ਸਮੇਂ ਸਨ। ਘਿਉ ਮਿੱਠਾ ਕਾਫ਼ੀ ਆ ਗਿਆ ਸੀ।ਜਿਸ ਵਕਤ ਉਹਨਾਂ ਸਾਧਾਂ ਨੇ ਪ੍ਰਸ਼ਾਦ ਛਕਿਆ। ਛਕਦਿਆਂ ਸਾਰ ਉਹਨਾਂ ਨੂੰ ਤਾਪ ਚੜ੍ਹ ਗਿਆ ਪੰਜ ਭੱਠ। ਸਾਧਾਂ ਨੂੰ ਸੁਰਤ ਵਿੱਸਰ ਗਈ ਤੇ ਆਪਣੀ ਸਰੀਰਕ ਕ੍ਰਿਆ ਵੀ ਉਹ ਆਪੇ ਸੋਧਣ ਤੋਂ ਅਸਮਰੱਥ ਹੋ ਗਏ। ਅੱਠਾਂ ਪਹਿਰਾਂ ਮਗਰੋਂ ਜਦੋਂ ਉਹਨਾਂ ਨੂੰ ਸੁਰਤ ਆਈ ਤਾਂ ਉਹਨਾਂ ਦਾ ਗੁਰੂ ਕਹਿੰਦਾ, ਸਿੱਖਾ ! ਸਾਡੇ ਨਾਲ ਇਹ ਕੀ ਧਰੋਹ ਕੀਤਾ ਈ ? ਮਾਇਆ ਕਿੱਥੋਂ ਲਿਆਂਦੀ ਊ?"

ਉਹਨੇ ਜੁਆਬ ਦਿਤਾ ਕਿ ਮੈਂ ਆਪਣੇ ਗੁਰੂ ਜੀ ਦਾ ਬਚਨ ਨਹੀਂ ਸੀ ਮੰਨਿਆ। ਉਹਨਾਂ ਕਿਹਾ ਸੀ ਕਿ ਇਹ ਰਕਮ ਸ਼ੂਮ ਦਾ ਧਨ ਹੈ। ਪਿਛੇ ਮੋੜ ਦੇਈਂ। ਮੈਂ ਪਿਛਾਂਹ ਮੋੜਨ ਦੀ ਬਜਾਏ ਤੁਹਾਨੂੰ ਭੇਟ ਕਰ ਦਿਤੇ। ਨਾਲੇ ਮੈਂ ਸੋਚਿਆ ਗੁਰੂ ਦੇ ਬਚਨ ਦਾ ਪ੍ਰਤਾਵਾ ਹੋ ਜਾਏਗਾ। ਤੁਹਾਡੀ ਤਕਲੀਫ ਦਾ ਮੈਨੂੰ ਬਹੁਤ ਅਫਸੋਸ ਹੈ। ਇਹ ਉਹ ਗੁਰਮੁਖ ਸਿੰਘ ਅਰੋੜਾ ਸੀ। ਹੁਣ ਦੌਰੇ ਨੂੰ ਲੈ ਕੇ ਅੱਗੇ ਤੁਰਦਾ ਹੈ।

ਉਥੋਂ ਸਤਿਗੁਰੂ ਜੀ ਨੀਲੀ ਦਰਿਆ, (ਮਿੰਟਗੁਮਰੀ ਅਤੇ ਇਸ ਤੋਂ ਅਗਲੇ ਇਲਾਕੇ ਵਿਚ ਸਤਲੁਜ ਅਤੇ ਬਿਆਸਾ ਦੋਹਾਂ ਇਕੱਠੇ ਦਰਿਆਵਾਂ ਨੂੰ ਨੀਲੀ ਆਖਦੇ ਹਨ। ਇਸ ਦੇ ਕੰਢੇ ਦੀਆ ਮੱਝਾਂ ਦੀ ਨਸਲ ਨੀਲੀ ਪ੍ਰਸਿੱਧ ਹੈ। ਇਹ ਨੀਲੀ ਤੇ ਰਾਵੀ ਦਰਿਆ ਦੇ ਵਿਚਾਲੇ ਦਾ ਦੇਸ ਹੈ) ਦੇ ਕੰਢੇ ਇਕ ਅਰੋੜੇ ਸਿੱਖਾਂ ਦਾ ਪਿੰਡ ਸੀ। ਉਥੇ ਪੁੱਜ ਗਏ। ਜਦ ਉਥੇ ਦੀਵਾਨ ਕੀਰਤਨ ਬਾਦ ਲੰਗਰ ਹੋਇਆ ਅਤੇ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਇਸ ਵਿਚ ਅਨਮਤੀਆਂ ਦੀ ਵੀ ਰਸਦ ਮਿਲੀ ਹੋਈ ਹੈ ਤਾਂ ਸਤਿਗੁਰੂ ਜੀ ਨੇ, ਜਿਹਨਾਂ ਘਰਾਂ ਵਿਚੋਂ ਰਸਦ ਆਈ ਸੀ, ਉਹਨਾਂ ਨੂੰ ਸੱਦ ਕੇ ਪੁੱਛਿਆ ਕਿਉਂ ਬਈ ਤੁਸੀਂ ਦਾਰੂ ਮਾਸ ਤਾਂ ਨਹੀਂ ਵਰਤਦੇ। ਉਹਨਾਂ ਕਿਹਾ ਜੀ ਦੋ ਤਿੰਨ ਸਰੀਰ ਤਾਂ ਨਹੀਂ ਖਾਦੇ ਅਤੇ ਦੋ ਤਿੰਨ ਖਾ ਲੈਂਦੇ ਹਨ। ਸਤਿਗੁਰੂ ਜੀ ਨੇ ਕਿਹਾ ਕਿ ਅਸੀਂ ਭਾਈ ਤੁਹਾਡਾ ਦਾਰੂ ਮਾਸ ਵਾਲਿਆਂ ਦਾ ਅੰਨ ਪਾਣੀ ਨਹੀਂ ਛਕ ਸਕਦੇ ਜਾਂ ਸਾਥੋਂ ਰਸਦ ਦੇ ਪੈਸੇ ਲੈ ਲਵੋ। ਉਹਨਾਂ ਨੇ ਅਰਜ਼ ਕੀਤੀ ਕਿ ਅਗਾਂਹ ਤੋਂ ਨਹੀਂ ਮਾਸ ਸ਼ਰਾਬ ਦੇ ਨੇੜੇ ਜਾਂਦੇ। ਪੱਕੀ ਰਹਿਤ ਬਹਿਤ ਵਿਚ ਹੋ ਗਏ। ਸਤਿਗੁਰੂ ਜੀ ਫਿਰ ਪ੍ਰਸ਼ਾਦ ਪਾਣੀ ਛਕ ਕੇ ਦੀਵਾਨ ਵਿਚ ਚਲੇ ਗਏ। ਉੱਥੇ ਫਿਰ ਬੜਾ ਹਾਸਾ ਪਿਆ। ਜਿਹੜਾ ਵੀ ਉਠੇ ਉਹ ਆਖੇ, "ਓਹ! ਮਹਾਰਾਜ ! ਮੈਂ ਵੀ ਹਿਕ ਮੱਛੀ ਖਾਧੀ ਆਹੀ।ਮੈਨੂੰ ਵੀ ਬਖ਼ਸ਼ ਘੱਤ।" ਸਤਿਗੁਰੂ ਜੀ ਨੇ ਆਪਣੀ ਬਖ਼ਸ਼ਿਸ਼ ਦਾ ਦਰ ਖੋਹਲ ਕੇ ਕੁੱਲ ਨੂੰ ਬਖਸ਼ ਦਿਤਾ।

**ਪਾਕ ਪਟਨ ਦਾ ਦੌਰਾ:**

ਇੱਥੋਂ ਸਤਿਗੁਰੂ ਜੀ ਦਰਿਆ ਲੰਘ ਕੇ ਪਾਕਪਟਨ ਦੇ ਇਲਾਕੇ ਵਿਚ ਜਾ ਪਹੁੰਚੇ। ਇਹ ਦੌਰਾ ਫੱਗਣ ਦੇ ਮਹੀਨੇ ਕੀਤਾ ਸੀ। ਇਥੇ ਸਤਿਗੁਰੂ ਜੀ ਨੇ ਹਵੇਲੀ ਅਤੇ ਅਮਰ ਸਿੰਘ ਦੀ ਸਰਾਂ ਆਦਿ ਪਿੰਡਾਂ ਵਿਚ ਦਰਸ਼ਨ ਦਿਤੇ। ਇੱਥੋਂ ਸਤਿਗੁਰੂ ਜੀ ਪਿੰਡ 'ਚਾਲੀ ਚੱਕ' ਵਿਖੇ ਜਾ ਪਹੁੰਚੇ। ਇੱਥੇ ਸੰਤ ਜਵੰਦ ਸਿੰਘ, ਜ਼ੀਂਦਾ ਸ਼ਹੀਦ, ਖਿਹਾਲੇ ਵਾਲਿਆਂ ਨੂੰ ਢਾਈ ਮੁਰੱਬੇ ਜ਼ਮੀਨ ਮਿਲੀ ਹੋਈ ਸੀ। ਇਹ ਮੇਲਾ ਸੰਤਾਂ ਹੀ ਕਰਵਾਇਆ ਸੀ ਅਤੇ ਦੋ ਲੰਗਰ ਇਥੇ ਹੋਏ ਸਨ। ਇਥੇ ਸਤਿਗੁਰੂ ਜੀ ਸੰਤਾਂ ਦੇ ਡੇਰੇ ਬਹਿ ਕੇ ਸੰਤਾਂ ਤੋਂ ਬਚਨ ਸੁਣਨ ਲੱਗ ਪਏ। ਸੰਤਾਂ ਨੇ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਸਾਹਮਣੇ ਬਹਿ ਕੇ ਜਿਹੜੇ ਜਿਹੜੇ ਕੰਮ ਉਹਨਾਂ ਨੇ ਕੀਤੇ ਸਨ ਸਭ ਦੱਸੇ। ਉਹ ਮੈਂ ਵਰਣਨ ਕਰਦਾ ਹਾਂ:

**ਅਤਰੀ ਬੱਧ:**

ਪਹਿਲਾਂ ਸੰਤਾਂ ਨੇ ਅਤਰੀ ਮਾਈ ਨੂੰ ਮਾਰਨ ਦਾ ਬਚਨ ਸੁਣਾਇਆ। ਇਹ ਅਤਰੀ ਮਾਈਸਰ ਖਾਨੇ ਦੇ ਜੱਟ ਪਰਿਵਾਰ ਨਾਲ ਸੰਬੰਧਿਤ ਨਾਮਧਾਰੀ ਸਿੱਖ ਹਰਨਾਮ ਸਿੰਘ ਦੀ ਲੜਕੀ ਸੀ। ਇਹ ਮਨੀ ਸਿੰਘ ਦੀ ਭਤੀਜੀ ਸੀ, ਜਿਸਦਾ ਜ਼ਿਕਰ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਵੀ ਆਉਂਦਾ ਹੈ। ਭਾਈ ਸੰਤੋਖ ਸਿੰਘ ਮੁਤਾਬਿਕ ਮਾਤਾ ਜੱਸਾਂ ਦੇ ਚਲਾਣੇ ਤੋਂ ਰਤਾ ਪਹਿਲਾਂ ਇਹ ਘਟਨਾ ਹੋਈ। ਕਿਉਂਕਿ ਗੁਰੂ ਮਹਿਲ ਮਾਤਾ ਜੱਸਾਂ ਦੀ ਸਿਹਤ ਢਿੱਲੀ ਚੱਲ ਰਹੀ ਸੀ।(ਸਤਿਗੁਰੂ ਬਿਲਾਸ, ਭਾਗ ੧, ਸਫ਼ਾ 396-97) ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਅਕਾਲ ਚਲਾਣਾ ਕਰ ਗਏ ਤਾਂ ਇਕ ਦਿਨ ਮਾਲਵੇ ਦੇ ਸੂਬਾ ਗਿਆਨੀ ਸਿੰਘ ਜੀ ਅਤਰੀ ਨੂੰ ਨਾਲ ਲੈ ਕੇ ਸ੍ਰੀ ਭੈਣੀ ਸਾਹਿਬ ਪੁੱਜੇ। ਇਹ ਬਹੁਤ ਖ਼ੂਬਸੂਰਤ ਮੁਟਿਆਰ ਸੀ ਜੁਆਨੀ ਅਜੇ ਚੜ੍ਹ ਰਹੀ ਸੀ। ਸੂਬਾ ਗਿਆਨੀ ਸਿੰਘ ਜੀ ਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਸੰਗਤ ਨੂੰ ਆਪ ਦੇ ਸਾਹਿਬਜ਼ਾਦੇ ਵੇਖਣ ਦਾ ਚਾਉ ਹੈ। ਇਸ ਲਈ ਅਸੀਂ ਇਸ ਅਤਰੀ ਨਾਂ ਦੀ ਲੜਕੀ ਨਾਲ ਤੁਹਾਡੀ ਅਨੰਦ ਦੀ ਰਸਮ ਕਰਨੀ ਚਾਹੁੰਦੇ ਹਾਂ।

ਸੱਚੇ ਪਾਤਸ਼ਾਹ ਨੇ ਜੁਆਬ ਦਿੱਤਾ, "ਗਿਆਨੀ ਸਿੰਘ! ਤੁਹਾਨੂੰ ਮਖ਼ੌਲ ਕਰਨ ਲਈ ਅੱਜ ਮੈਂ ਹੀ ਲੱਭਿਆ ਹਾਂ। ਮੈਂ 55 ਸਾਲਾਂ ਦਾ ਬੁੱਢਾ, ਉਹ ਸੋਲਾਂ ਵਰ੍ਹਿਆਂ ਦੀ ਨੌਜੁਆਨ ਲੜਕੀ। ਮੈਂ ਇਸ ਅਜੋੜ ਵਿਆਹ ਦੇ ਹੱਕ ਵਿਚ ਨਹੀਂ ਹਾਂ। ਜਾਓ ਆਪਣਾ ਕੰਮ ਕਰੋ।" ਪਰ ਗਿਆਨੀ ਸਿੰਘ ਹੋਰਾਂ ਅਤਰੀ ਦੀ ਮੁੰਦਰੀ ਦਬਾ ਦਬ ਸ੍ਰੀ ਸਤਿਗੁਰੂ ਜੀ ਦੀ ਉਂਗਲ ਵਿਚ ਪਾ ਦਿਤੀ। ਪਾਤਸ਼ਾਹ ਗਰਮੀ ਵਿਚ ਆਏ ਤੇ ਕਿਹਾ ਕਿ ਗਿਆਨੀ ਸਿੰਘ ਤੂੰ ਮੇਰੇ ਗਲ ਵਿਆਹ ਦਾ ਫਾਹ ਪਾਉਣਾ ਚਾਹੁੰਦਾ ਏ, ਇਹ ਫਾਹ ਕਿਸੇ ਹੋਰ ਦੇ ਗਲ ਪਾ। ਲੈਣ ਤਾਂ ਖੁਸ਼ੀਆਂ ਗਏ ਸਨ, ਪਰ ਕੰਮ ਉਲਟ ਹੋ ਗਿਆ।

**ਚਲਦਾ.....**

# From Compassion to Conflict: Addressing the Disconnect in Punjabi Youth Behavior

**Alla Singh**
**9971846875**



Worldwide, religious beliefs are coming under greater scrutiny for their theoretical advantages and practical challenges. People are questioning the relevance of religious beliefs based on the behavior of those holding them. People are learning to understand the difference between 'belief versus behavior' and are increasingly appreciating the importance of good behavior, irrespective of the religious beliefs held by an individual.

The issue of 'belief versus behavior' can be understood by 'an artist and the painting' analogy. Religious belief can be likened to an artist who spends years studying and mastering techniques, but never actually paints a picture. The study of religion, philosophy, or theology is essential, but it is the expression of these beliefs—like a painter bringing life to a canvas—that truly impacts the world. It's not enough to be well-versed in religious doctrine if it doesn't inspire ethical behavior. Just as the world appreciates art, not theory, people respond to kindness, generosity, and fairness, not just the beliefs behind them.

This is not to say that belief should not be considered at all. For an individual, his/her belief system is the major force that influences his/her actions i.e. behavior. However, from the perspective of society, the actions should be paramount, rather than the religion. This is perhaps where religiously immature societies falter. They focus only on the beliefs and do not consider behavior.

An example from Sikh history shows this clearly. Guru ArjanDevJi, the fifth Sikh Guru, compiled the AdiGranth, including spiritual writings from saints of various traditions. His actions reflected a profound respect for the unity of diverse spiritual traditions. His belief in religious pluralism was not just a mental stance; it was embedded in his actions, showing that religious maturity is marked by behavior that transcends dogma to embrace shared human values.

In this article, an attempt has been made to understand the ideals framed by Sikh Gurus, particularly, their wide embrace, the religious maturity that encompassed all faiths. Historical events, especially the advent of colonialism, created rigidity and fostered divisions. Later events led to politicization, culminating eventually in different social divisions of various dimensions. Examples of religious maturity at different parts of the

world are also presented. The challenge of Punjabi youth and its behavior in modern times is highlighted, necessitating proper discussions on this at the earliest. It is hoped that by taking a fresh look at their own legacy and successful examples of interfaith harmony elsewhere, Punjabi youth will be able to take a break from its current position of mindless conflict and go back to the basics of universal compassion.

***Religious Maturity Exemplified by the Sikh Gurus***

The early Sikh Gurus demonstrated religious maturity through their teachings, actions, and community-building efforts. Their vision of a just, compassionate, and inclusive society was rooted in the belief that all human beings, regardless of caste, creed, or gender, are equal in the eyes of the Divine. Several key examples illustrate the religious maturity of the Sikh Gurus.

Guru Nanak: A Vision of Universal Brotherhood

Guru Nanak (1469–1539), the founder of *Sikhi*, was a spiritual revolutionary who challenged the religious orthodoxy of his time. He rejected the rigid caste system, religious dogma, and empty rituals that dominated both Hindu and Muslim practices in the Indian subcontinent. Instead, he emphasized the oneness of God and the equality of all human beings. His teachings of "IkOnkar" (there is one God) and "Sarbat da Bhala" (the welfare of all) reflect a deep religious maturity that transcended sectarian divisions.

Guru Nanak's dialogues with religious leaders of various faiths demonstrated his openness to different perspectives and his emphasis on ethical conduct over ritualistic observance. For example, in his famous encounter with the Siddhas, ascetic yogis who renounced the world, Guru Nanak questioned their detachment from society and urged them to engage with the world to uplift humanity. His message was clear: true spirituality is not in isolation but in service to others.

Guru Amar Das: Gender Equality and Social Reform

Guru Amar Das (1479–1574), the third Sikh Guru, took Guru Nanak's teachings further by institutionalizing key social reforms that exemplified religious maturity. He vehemently opposed the practice of Sati (the burning of widows), promoted widow remarriage, and emphasized the importance of women's equality in spiritual and social life. He established "Manjis" (administrative districts) to promote the principles of *Sikhi*and to create a decentralized governance structure for the Sikh community.

By promoting langar (community kitchen) where people of all backgrounds could eat together, Guru Amar Das also broke down the barriers of caste and class that were prevalent in the native Indian society. His actions reflected a deep commitment to social justice, compassion, and inclusivity—key markers of religious maturity.

Guru ArjanDev: Tolerance and the Creation of the AdiGranth

Guru Arjan (1563–1606), the fifth Sikh Guru, exemplified religious maturity through his composition of the AdiGranth, the holy

scripture of the Sikhs. The AdiGranth contains the writings of not only the Sikh Gurus but also Hindu and Muslim saints. By incorporating the wisdom of spiritual leaders from various traditions, Guru Arjan demonstrated a profound respect for religious pluralism and the universality of spiritual truths.

Guru Arjan's martyrdom at the hands of Mughal authorities, due to his refusal to convert to Islam or pay a fine for supporting a rebellious prince, highlighted his commitment to religious freedom and non-violence. Guru Arjan accepted his fate with dignity and courage, exemplifying the highest ideals of spiritual maturity.

Guru TeghBahadur: The Sacrifice for Religious Freedom

Guru TeghBahadur (1621–1675), the ninth Sikh Guru, made the ultimate sacrifice for religious freedom when he stood up against the forced conversion of Kashmiri Pandits to Islam under the Mughal Emperor Aurangzeb. Guru TeghBahadur's willingness to lay down his life for the protection of another religion is a rare example of religious maturity in the history of world religions. His martyrdom was not for the defense of his own faith, but for the principle that all people should have the freedom to practice their religion without fear of persecution.

His sacrifice exemplifies the Sikh principle of sarbat da bhala—the well-being of all—and underscores the Sikh Gurus' commitment to justice, tolerance, and the protection of human dignity, regardless of religious affiliation.

Guru Gobind Singh: The Khalsa and the Defense of Justice

Guru Gobind Singh (1666–1708), the tenth Sikh Guru, established the Khalsa in 1699, a brotherhood of saint-soldiers dedicated to the defense of righteousness and the oppressed. While the Khalsa was a militarized force, its purpose was not aggression or conquest but the protection of the weak and the defense of justice. Guru Gobind Singh's vision of the Khalsa was one of spiritual warriors who lived by high ethical standards and upheld the values of humility, compassion, and self-sacrifice.

The creation of the Khalsa represented a response to the religious and political oppression of the time, but Guru Gobind Singh was clear that the Khalsa was to be a force for good, not for religious fanaticism. His writings, such as the Zafarnama, demonstrate a deep respect for human dignity and the pursuit of justice in the face of tyranny.

***Colonialism and the Transformation of Sikhi to Sikhism***

The religious maturity demonstrated by the Sikh Gurus began to transform during the colonial period. The British Empire, recognizing the military prowess of the Sikhs, sought to co-opt the Sikh community by reshaping their religious identity to serve colonial interests. This transformation played a significant role in shifting *Sikhi* from the spiritually inclusive, egalitarian faith of the Gurus to a more rigid, institutionalized form of "Sikhism" characterized by divisions and, in some cases, extremism.

The British Raj and the Codification of Sikh Identity

During the British colonial period, Sikh identity underwent significant changes. The British sought to categorize and control India's diverse religious communities, and in doing so, they emphasized certain aspects of Sikhism while downplaying others. The British, for instance, promoted their fabricated version of Khalsa as the "true" form of Sikhism, sidelining other sects and interpretations that did not fit their militarized image of the Sikhs.

The Singh Sabha Movement, which emerged in the late 19th century, claimed to reform Sikh practices and consolidate a unified Sikh identity. While this movement claimed to return to the teachings of the Gurus, the Lahore version of Singh Sabha that finally emerged basically aligned with the British interest in creating a British Indian Sikh identity, separate from Hinduism and other religious traditions. The movement contributed to a rigid codification of Sikh practices and the institutionalization of Sikhism as a religious body, rather than the more fluid spiritual tradition it had been during the time of the Gurus.

***Global examples of interfaith cooperation***

These examples illustrate how interfaith and cross-religious cooperation can lead to practical, tangible benefits for communities around the world. By setting aside doctrinal differences and focusing on shared goals, diverse religious groups have successfully addressed pressing issues such as hunger, education, healthcare, and environmental sustainability. These collaborative efforts demonstrate the power of unity and collective action in making a positive impact on society. Apart from the Sikh Gurus' legacy, these efforts can also become guiding light for today's Punjabi youth to begin to take a fresh look at different perspectives.

1. The Interfaith Food Shuttle: Addressing Hunger in the U.S.

The Interfaith Food Shuttle in North Carolina is an example of how diverse religious communities can work together to address food insecurity. Founded in 1989, the organization brings together churches, synagogues, mosques, and other faith-based groups to collect, distribute, and prepare food for those in need. By pooling resources and volunteers from different faith traditions, the Interfaith Food Shuttle has successfully provided millions of meals to low-income families and individuals in the region.

2. The Harmony School in Nigeria: Educating Students from Diverse Faiths

The Harmony School in Nigeria, founded by a Christian missionary, provides education to children from various religious backgrounds, including Muslims and Christians. The school promotes interfaith understanding and cooperation among students and their families. By offering quality education in a diverse setting, the Harmony School helps bridge religious divides and foster a sense of community and mutual respect among students from different faith traditions.

3. The Charitable Foundation of the Three Abrahamic Faiths: Providing Medical Aid in Conflict Zones

The Charitable Foundation of the Three Abrahamic Faiths is an initiative where Jewish, Christian, and Muslim organizations collaborate to provide medical aid and support in conflict zones, such as Gaza. This cooperation has led to the establishment of medical clinics and mobile health units that offer essential services to underserved populations. By working together, these faith-based groups have been able to address urgent healthcare needs and provide relief to those affected by conflict.

4. The Gharana Peace Initiative in India: Building Bridges Through Education

The Gharana Peace Initiative is a collaborative effort between Hindu and Muslim communities in India to promote peace and reconciliation. The initiative includes educational programs and community outreach projects that aim to build trust and understanding between the two communities. One notable outcome is the establishment of a joint school where children from both communities learn together, fostering mutual respect and reducing sectarian tensions.

5. The International Campaign to Ban Landmines (ICBL): A Global Effort for Mine Clearance

The International Campaign to Ban Landmines (ICBL) is a coalition of non-governmental organizations, including faith-based groups from various religious traditions, that worked together to achieve the Ottawa Treaty, which bans the use, production, and transfer of landmines. The campaign's efforts have led to the removal of millions of landmines from conflict-affected areas, saving countless lives and making land safe for agriculture and resettlement.

6. The Sisterhood of Salaam Shalom: Building Trust Between Muslim and Jewish Women

The Sisterhood of Salaam Shalom is an organization dedicated to fostering understanding and cooperation between Muslim and Jewish women in the United States. Through various programs, including community service projects, interfaith dialogues, and educational workshops, the organization has successfully built bridges between the two communities. Their work has led to increased collaboration on social justice initiatives and strengthened relationships between women of different faiths.

7. The Abraham Fund Initiatives: Promoting Coexistence in Israel

The Abraham Fund Initiatives is a non-profit organization that works to promote coexistence and equality between Jewish and Arab communities in Israel. Through educational programs, community development projects, and joint economic ventures, the organization has made significant strides in improving relations and fostering cooperation between the two communities. Their efforts have resulted in improved access to education and economic opportunities for Arab communities.

8. The Eco-Justice Collaborative: Environmental Stewardship Across Faiths

The Eco-Justice Collaborative is an interfaith organization that brings together religious groups from different traditions to

address environmental challenges. Through joint projects focused on sustainability, climate change, and conservation, the organization has successfully implemented community-based initiatives, such as treeplanting and clean energy programs. Their work demonstrates how diverse religious groups can collaborate to achieve environmental goals that benefit society as a whole.

9. The One Family Fund: Supporting Victims of Terrorism in Israel

The One Family Fund is an organization that provides support to victims of terrorism in Israel, regardless of their religious or ethnic background. The fund, supported by Jewish, Muslim, and Christian donors, offers financial assistance, psychological support, and community services to individuals and families affected by terrorist attacks. This cross-religious cooperation has provided essential aid to those in need and promoted solidarity in the face of violence.

10. The Global Alliance for Clean Cookstoves: Improving Health and Environment

The Global Alliance for Clean Cookstoves is a public-private partnership that includes religious organizations, governments, and non-governmental organizations. The alliance aims to improve health and environmental conditions by promoting the use of clean and efficient cookstoves in developing countries. By working together, the alliance has helped millions of people transition to cleaner cooking technologies, reducing respiratory illnesses and environmental impact.

***Current condition of Punjabi youth***

The involvement of Punjabi youth in excessive slanging, criticism, and abuse on social media can be attributed to several interrelated factors. One significant reason is the search for identity and belonging. Sikh youth, like many young people, may be navigating their cultural heritage and personal identity. Social media provides a platform for expressing their views and frustrations, which can sometimes result in aggressive or critical behavior as they seek recognition or approval within certain online communities. Additionally, a lack of deep understanding of Sikh values may contribute to behavior that contradicts the principles of humility, compassion, and respect taught by Sikh Gurus. This disconnect can be further exacerbated by the influence of misinterpretation or selective emphasis on certain aspects of Sikh teachings.

Another factor influencing this behavior is the pervasive culture of social media. Platforms often normalize sensationalism and aggressive behavior, which can influence young people to adopt similar approaches in their interactions. Echo chambers and confirmation bias prevalent on social media can reinforce aggressive tendencies, leading individuals to disparage opposing perspectives. Furthermore, personal stress, frustration, and mental health issues can manifest as aggressive or abusive behavior online. Young people may also struggle with emotional regulation, especially in environments that encourage immediate and often harsh responses.

A lack of constructive dialogue skills also plays a role. Many young people may not

have developed effective communication and conflict resolution skills, leading to more confrontational and abusive interactions. The shortcuts to engagement offered by social media, which often reward provocative content, can incentivize such behavior. Cultural and societal shifts, as well as external pressures and negative stereotypes about Sikhs or other groups, can contribute to defensive and combative behavior online, reflecting underlying societal and emotional struggles.

Addressing these issues requires a multifaceted approach. Educational programs that focus on deepening the understanding of Sikh values and principles can help align behavior with the teachings of Sikhism. Incorporating digital literacy programs that educate young people about the responsible use of social media and the impact of online behavior is also crucial. Promoting constructive dialogue through conflict resolution training and encouraging respectful engagement can help young people handle disagreements more effectively. Additionally, providing access to mental health resources and support systems can address underlying stress and emotional challenges, while strengthening community connections through youth programs and mentorship can foster a sense of belonging and purpose.

Challenging negative stereotypes and fostering inclusivity can help reduce the need for defensive or aggressive behavior. Facilitating open and honest conversations about the challenges faced by Sikh youth and promoting empathy and understanding both within the Sikh community and in interactions with others can build mutual respect and reduce conflict. By focusing on these areas, it is possible to align behavior with Sikh values and create a more respectful and constructive online environment.

***Role of socio-religious organizations***

A good amount of Punjabi youth is associated with different socio-religious organizations. The Punjabi youth should be encouraged to truly honor the teachings of Sikh Gurus by focusing on embodying principles of compassion, equality, and service, rather than engaging in excessive criticism and negativity. They should embrace a lifestyle of physical and mental well-being by avoiding harmful habits and fostering a healthy body and mind. Instead of irrationally criticizing others, they should strive to improve themselves and contribute positively to their communities through kindness and understanding. By living out values of humility, respect, and justice, they can reflect the true spirit of Sikhism and help build a more compassionate and united society. This is the prime duty of different organizations that boast of their high numbers and support in their favour. They should not misuse this support to 'expand their religious market' rather should focus on their support to 'expand the ideals of Sikh Gurus'.

The mistakes of the past, particularly those of the colonial Punjab, whereby the majority Sikh organizations aligned with the interests of an invading force, should not be repeated. The legacy of the **Guru's *Sikhi*** should be carried forward, not the 'colonially-influenced Sikhism'.

.....................................................

## How being a Namdhari is helping me achieve my worldly Goals as well!

**Haneet Singh, 7838700601**

I am so lucky to be born in a Namdhari family as I was introduced to so many life changing rituals and habits from the initial years of my life itself. How my life has changed–

1. We are always encouraged to lead a simple life and wear only white kurta pajama and that too we should not posses many. Only a couple are more than enough.

Since I have started to follow this, my wardrobe is practically just empty now with just a couple of kurta pajama and few white t-shirts (I don't wear kurta pajama daily, only twice a week as of now, I wear white t-shirts on some days, but I plan to wear only kurta pajama on a daily basis soon)

This minimalism style of living encourages decluttering, both physically and mentally. I don't need to rush to the malls to shop for the latest trending clothes or worry about matching the t-shirts with the color of jeans or trousers.

The time and money that is saved because of this can be used on so many important things.

My focus and productivity have improved as I don't have to think about what to wear daily.

Simple living emphasizes conscious spending habits and we end up saving a lot of money which we can invest wisely to secure our future. We don't fall into the trap of impressing someone else.

It is rightly said – "Too many people spend money they haven't earned, to buy things they don't want, to impress people they don't like."

2. We are already away from all the bad habits – I feel sad for people when I see them suffering and entangled into the addictions of liquor, drugs, non-veg food, smoking etc. Thankfully, we are always kept away from all these things from our birth by the blessings of Satguru ji and we don't have to bother about it ever in our lifetime.

We can focus on self-improvement and upliftment of others.

We can remind ourselves that we are here on this planet for a very small amount of time and our mission is to pass this "test" of life with flying colours by meditating on the Naam and uniting with the one creator.

3. Simple marriages – We all have seen that how the show-off culture has taken over the marriages. With social media being on it's peak right now, people have started to spend much more to show off and post their images and videos on social media to get a few likes and comments.

This creates a comparison culture and everyone starts to follow the trend. People end up taking huge amounts of debt just to show off and post photos and videos on their social media profiles.

People are engaging into pre wedding shoots, weddings shoots, destination shoots and what not.

**Continue on page no. 36**

# The Story of Bhai Kanhaiya ji

One day in a village in the Punjab a boy named Kanhaiya was born to a wealthy family. As he grew up, Kanhaiya was always searching and learning about new things. He learnt about life and God from many different holy men. He loved the spiritual path, and so in his life he chose a different path from the wealth of his family. He became a deeply spiritual young man who loved listening to divine poetry. He grew up to be known as Bhai Ghaneya.

Bhai Kanhaiya stayed on his spiritual journey until he met Guru Teg Bahadur Ji and reached his highest point. All his searching had added up to this. Bhai Kanhaiya was so inspired by the Guru that he bagan to serve him and became a very devoted Sikh. Being around the Guru and learning from him gave Bhai Kanhaiya such a beautiful complete experience that he did not need anything else.

Meeting the Guru is like finally seeing your best friend after the long school week. For Bhai Ganeya, the Guru's presence was so soothing to his mind it brought great joy deep down in his soul. It strengthened his heart so much that it became big and beautiful all the time. Bhai Kanhaiya decided to become a Sikh and embraced the mission of the Guru. The student and the master became the same, and together increased God's presence on earth.

With his open heart and love for all, Bhai Kanhaiya Ji began devoting all his life and time to serving langar. He served any one and every one.

His life began merging with God and Guru more and more as his work brought heaven to the earth. Bhai Kanhaiya even opened a spiritual center so he could keep serving all people. He believed that God is in every single person, so he served that One God in all, Ik Ongkar.

Bhai Kanhaiya Ji worked hard for many years of his life just serving, even until Guru Gobind Singh Ji was Guru. At that time the land of Punjab was under attack and Guru Gobind Singh Ji had to protect Anandpur Sahib in a big battle. The enemies attacked Anandpur Sahib and cut off the city supplies. Soon it became very difficult to find water and food, and many men in battle were weakened andwounded. Bhai Kanhaiya saw all the wounded men on the battlefield and with his love he went straight into the battlefield and began giving water to everyone.

Serving their parched throats from a leather water container he gave water equally to the wounded men from both armies, even the enemy!

Now even though this wasn't normal, most of the Guru's Khalsa understood why Bhai Kanhaiya served even the enemy soldiers. They thought, "The Guru is pure Love and we are all part of the Guru. We feel so proud of our brother Kanhaiya for how he is acting. It is all God's play. With the Guru's blessing, in our own way, we too shall act with this kind of mastery."

But a few men didn't understand it. They complained, saying "I'm sure it's great that he serves people but we don't have

enough water for ourselves! It doesn't make any sense that he is giving our water to the enemy. Plus, he's healing some of them, so what happens when the enemy recover and even come back to fight us! We must tell the Guru about this!"

So they went to Guru Gobind Singh to do something about it. When they told the Guru he simply said, "Bring Kanhaiya to my presence." So Bhai Kanhaiya was brought to him right away. When Guru Ji saw the purity and devotion of his beloved Sikh who had served him and his father so lovingly, he asked, "Is it true what I have heard? Are you giving water to the enemy?" Bhai Kanhaiya Ji replied, "O My Beloved Guru Ji, yes it is true. When I look into the faces of all these wounded men, all I see is you. I have to serve them because all I see is you and God in them."

Guru Gobind Singh was very happy hearing him and smiled as he said, "You are right and you have shown me today that you really understand the Guru's words and live them." Guru Ji then announced to all his Khalsa: "Bhai Kanhaiya has understood the teachings correctly. My Beloved Sikhs, try all you can to learn like this. The lessons that Gurbani teaches are priceless."

Guru Ji then gave some herbal medicine to Bhai Kanhaiya and told him, "From now on, put this on the wounds of all those who need it." And Bhai Kanhaiya began using this salve to serve all the wounded on the battlefield with love.

Guru Gobind Singh Ji spoke again to the whole community, telling them, "Sadh Sangat Ji, Bhai Kanhaiya is a saintly soul, beloved by God. He has served all without caring about who they are or where they come from. He has attained an exhaulted spiritual state of Ease and Divine Grace. He shall carry on with his mission of service. Many more will follow his example in the years to come and keep the tradition of service to humanity alive."

Different people had different understandings of the teachings of the Gurus. And so when Guru Ji said this the Sangat started to understand that Bhai Kanhaiya had acted and lived the truth that many of them had only learnt in words and meditation. He saw the Divinity in others at the most challenging time and during such a terrible battle. And they realized he was blessed.

May we all attain a state of seeing God in others. May we all live this truth and practice it in our actions wherever we go and whatever we do, just like Bhai Kanhaiya Ji.

.......................................................

**How being a Namdhari is helping....**

The amount of wealth wasted on these rituals is shocking! We being Namdhari's are blessed to have a simple marriage ritual where we are dressed in our usual white dresses when we are getting married. Any sorts of parties or functions are discouraged and we are told to be content with the simple marriage as it is the blessings of Satguru ji that we should always remember.

I think we all are blessed with a lot more and we should always be grateful to be born into this wonderful community.

.......................................................

# ਕਾਵਿ-ਕਿਆਰੀ

## ਦੀਦਾਰ ਕਰੀਏ

ਭੈਣੀ ਸਾਹਿਬ ਹੈ ਸਵਰਗੀ ਨਜ਼ਾਰਾ,
ਚੱਲ ਕੇ ਦੀਦਾਰ ਕਰੀਏ।
ਸਾਰੀ ਦੁਨੀਆਂ ਦਾ ਰੌਸ਼ਨ ਮੁਨਾਰਾ,
ਚੱਲ ਕੇ ਦੀਦਾਰ ਕਰੀਏ।

ਸੁੰਦਰ ਸਰੂਪ ਏਥੇ ਸਤਿਗੁਰੂ ਵੱਸਦੇ।
ਜੀਵਨ ਦਾ ਰਸਤਾ ਸੁਚੱਜਾ ਜਿਹੜੇ ਦੱਸਦੇ।
ਤਾਹੀਓਂ ਸੀਸ ਹੈ ਝੁਕਾਉਂਦਾ ਜੱਗ ਸਾਰਾ,
ਚੱਲ ਕੇ ਦੀਦਾਰ ਕਰੀਏ।

ਕਰ ਕੇ ਦੀਦਾਰ ਸੀਨਾ ਹੁੰਦਾ ਠੰਡਾ ਠਾਰ ਆ।
ਲੱਥ ਜਾਂਦਾ ਏਥੇ ਆ ਕੇ, ਹਉਮੈ ਦਾ ਬੁਖਾਰ ਆ।
ਲਹਿ ਜਾਂਦਾ ਏ ਕੁਰੀਤੀਆਂ ਦਾ ਭਾਰਾ,
ਚੱਲ ਕੇ ਦੀਦਾਰ ਕਰੀਏ।

ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਇਆ ਏ।
ਗੁਰੂ ਹਰੀ ਸਿੰਘ ਮਾਣ ਏਸ ਦਾ ਵਧਾਇਆ ਏ।
ਕੀਤਾ ਵੱਡ ਪ੍ਰਤਾਪ ਉਚਿਆਰਾ,
ਚੱਲ ਕੇ ਦੀਦਾਰ ਕਰੀਏ।

ਗੁਰੂ ਜਗਜੀਤ ਸਿੰਘ ਏਸ ਨੂੰ ਸ਼ਿੰਗਾਰਿਆ।
ਸੁਰਗਾਂ ਦਾ ਰੂਪ ਜਾਪੇ, ਅਰਸ਼ੋਂ ਉਤਾਰਿਆ।
ਗੁਰੂ ਉਦੇ ਸਿੰਘ ਚਾਨਣ ਮੁਨਾਰਾ,
ਚੱਲ ਕੇ ਦੀਦਾਰ ਕਰੀਏ।

ਸੰਗਤਾਂ ਦਾ ਸਾਗਰ ਹਿਲੋਰੇ ਪਿਆ ਮਾਰਦਾ।
ਵੱਸ ਵਿੱਚ ਕੀਤੀ ਗੁਰਾਂ ਲੱਛਮੀ ਤੇ ਸ਼ਾਰਧਾ।
ਦੇਵੇ ਆਤਮਾ ਦਾ ਖੋਲ੍ਹ ਦਵਾਰਾ,
ਚੱਲ ਕੇ ਦੀਦਾਰ ਕਰੀਏ।

ਨਾਮ ਵਾਲੀ ਰਹੇ ਸਦਾ, ਘੁੰਮਦੀ ਅਠੋਤਰੀ।
ਸੁਰ ਸੰਗੀਤ ਵਾਲੀ ਵਗਦੀ ਗੰਗੋਤਰੀ।
ਪੈਂਦਾ ਬਾਣੀ ਵਾਲਾ ਬਾਜਵਾ ਫੁਹਾਰਾ,
ਚੱਲ ਕੇ ਦੀਦਾਰ ਕਰੀਏ।

**ਲਖਵਿੰਦਰ ਸਿੰਘ ਬਾਜਵਾ**

.........................................................

## ਕਰੂਰਤਾ

ਲੈ ਕੇ ਜਾਨ ਮਾਸੂਮ ਪਸ਼ੂ ਦੀ, ਬੰਦਾ ਕਹਿਰ ਕਮਾਉਂਦਾ ਡਿੱਠਾ।
ਫਿਰ ਪੱਥਰ ਦੀ ਮੂਰਤ ਤਾਈਂ, ਉਸ ਦਾ ਭੋਗ ਲਵਾਉਂਦਾ ਡਿੱਠਾ।

ਕਰ ਕੇ ਕਤਲ ਮਾਸੂਮ ਜੀਵ ਦਾ, ਬੰਦਾ ਸ਼ਾਦੀ ਪਿਆ ਮਨਾਵੇ,
ਘਰ ਉਜਾੜ ਕਿਸੇ ਦਾ ਵੇਖੋ, ਖੁਦ ਇਹ ਖੁਸ਼ੀ ਮਨਾਉਂਦਾ ਡਿੱਠਾ।

ਜੀਓ ਅਤੇ ਜਿਊਣ ਦਿਓ ਦਾ, ਰੋਜ ਢੰਡੋਰਾ ਪਿੱਟਦਾ ਰਹਿੰਦੈ,
ਐਪਰ ਜੀਭ ਸਵਾਦ ਵਾਸਤੇ, ਗਲ ਤੇ ਛੁਰੀ ਚਲਾਉਂਦਾ ਡਿੱਠਾ।

ਆਪਣੇ ਪੁੱਤ ਦੀ ਤੰਦਰੁਸਤੀ ਲਈ, ਦੂਜੇ ਦਾ ਪੁੱਤ ਬਲੀ ਚੜ੍ਹਾਵੇ,
ਪੱਥਰ ਅੱਗੇ ਪੱਥਰ ਹੋ ਕੇ, ਮੁਰਦਾ ਮਾਸ ਚੜ੍ਹਾਉਂਦਾ ਡਿੱਠਾ।

ਦੇਵੀ ਦੇਵਤਿਆਂ ਦੇ ਨਾਂ ਤੇ, ਰਿੰਨ੍ਹ ਰਿੰਨ੍ਹ ਖਾਏ ਆਪ ਪਖੰਡੀ,
ਖਾਤਰ ਜੀਭ ਸਵਾਦ ਵੇਖ ਲਓ, ਪਾਪੀ ਪਾਪ ਕਮਾਉਂਦਾ ਡਿੱਠਾ।

ਅੰਨ, ਦੁੱਧ, ਸਬਜ਼ੀ ਦੇ ਹੁੰਦਿਆਂ, ਮੰਗੇ ਮਾਸ ਬੇਗਾਨਾ ਧੂਰਤ,
ਸੌ ਨਿਆਮਤ ਛੱਡ ਪਵਿੱਤਰ, ਮਿੱਝ ਲਹੂ ਮੂੰਹ ਪਾਉਂਦਾ ਡਿੱਠਾ।

ਮੋਮਨ ਅਤੇ ਦਿਆਲੂ ਬਣ ਬਣ, ਬਹਿੰਦਾ ਧਰਮ ਸਥਾਨਾ ਉੱਤੇ,
ਐਪਰ ਜ਼ਾਲਮ ਵਹਿਸ਼ੀ ਹੋ ਕੇ, ਹਰ ਥਾਂ ਕਹਿਰ ਕਮਾਉਂਦਾ ਡਿੱਠਾ।

ਕਰ ਤਕਰੀਰ ਬਾਜਵਾ ਆਖੇ, ਇਸ ਕੁਦਰਤ ਦੀ ਹੋਂਦ ਬਚਾਓ,
ਐਪਰ ਵਿੱਚ ਸੁਆਦ ਸਵਾਰਥ, ਖੁਦ ਹੀ ਹੋਂਦ ਮਿਟਾਉਂਦਾ ਡਿੱਠਾ।

**ਲਖਵਿੰਦਰ ਸਿੰਘ ਬਾਜਵਾ, 9416734506**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦੇ ਕਨੇਡਾ ਦੌਰੇ ਸਮੇਂ ਬਰੈਂਮਟਨ ਵਿਖੇ ਦਰਸ਼ਨ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ **3 ਜੁਲਾਈ 2024** ਤੋਂ ਆਰੰਭ ਹੋਇਆ ਕਨੇਡਾ ਦੌਰਾ ਵੱਖ-ਵੱਖ ਸ਼ਹਿਰਾਂ ਅਤੇ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਕਰਦਾ ਹੋਇਆ ਆਪਣੇ ਦੌਰੇ ਦੇ ਅੰਤਿਮ ਪੜ੍ਹਾ ਵੱਲ ਹੋ ਤੁਰਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਅਤੇ ਸਿੱਖਾਂ ਸੇਵਕਾਂ ਸਾਹਿਤ ਵਿੰਨੀਪੈਗ ਤੋਂ **16 ਜੁਲਾਈ 2024** ਨੂੰ ਰਵਾਨਾ ਹੋ ਕੇ ਬਰੈਂਮਟਨ (ਟਰਾਂਟੋ) ਵਿਖੇ ਆਣ ਦਰਸ਼ਨ ਦਿੱਤੇ। ਸਾਧ ਸੰਗਤ ਵੱਡੀ ਗਿਣਤੀ ਵਿੱਚ ਹਵਾਈ ਅੱਡੇ ਤੇ ਸ੍ਰੀ ਸਤਿਗੁਰੂ ਜੀ ਸੁਆਗਤ ਅਤੇ ਜੀ ਆਇਆਂ ਆਖਣ ਲਈ ਪਹੁੰਚੀ ਹੋਈ ਸੀ। ਸੁਮੱਚੀ ਸਾਧ ਸੰਗਤ ਵੱਲੋਂ ਸ. ਹਰਜਿੰਦਰ ਸਿੰਘ ਨੇ ਫੁੱਲਾਂ ਦਾ ਗੁਲਦਸਤਾ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕੀਤਾ। ਹਵਾਈ ਅੱਡੇ ਤੋਂ ਸ੍ਰੀ ਸਤਿਗੁਰੂ ਜੀ ਨੇ ਸੂਬਾ ਰੇਸ਼ਮ ਸਿੰਘ ਜੀ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ। ਸਾਧ ਸੰਗਤ ਕਾਫ਼ੀ ਵੱਡੀ ਗਿਣਤੀ ਵਿੱਚ ਏਥੇ ਦਰਸ਼ਨ ਕਰਨ ਲਈ ਪਧਾਰੀ ਹੋਈ ਸੀ। ਸਾਧ ਸੰਗਤ ਨੇ ਆਦਰ ਅਤੇ ਸਤਿਕਾਰ ਸਹਿਤ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸਭਨਾ ਦਾ ਬਹੁਤ ਪਿਆਰ ਨਾਲ ਹਾਲ ਚਾਲ ਪੁੱਛਿਆ। ਏਥੇ ਰਾਤ ਡੇਰਾ ਕਰ ਵਿਸ਼ਰਾਮ ਕੀਤਾ।

**ਮਿਤੀ 17 ਜੁਲਾਈ 2024 ਦਿਨ ਬੁੱਧਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਗੁਰਦੁਆਰਾ 19646 ਕੈਲੀਡਨ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ, ਕ੍ਰਿਪਾਲ ਸਿੰਘ ਪਾਲੀ, ਹਰਪ੍ਰੀਤ ਸਿੰਘ ਸੋਨੂੰ ਅਤੇ ਰਤਨ ਸਿੰਘ ਨੇ ਕੀਤਾ। ਵਾਰ ਦੀ ਸਮਾਪਤੀ ਉਪਰੰਤ ਸ. ਅਜੀਤ ਸਿੰਘ ਨੇ ਸਟੇਜ ਤੋਂ ਸ. ਹਰਜਿੰਦਰ ਸਿੰਘ ਨੂੰ ਸੱਦਾ ਦਿੱਤਾ ਅਤੇ ਸ. ਹਰਜਿੰਦਰ ਨੇ ਸ੍ਰੀ ਸਤਿਗੁਰੂ ਜੀ ਦੇ ਬਰੈਂਮਟਨ ਵਿਖੇ ਦਰਸ਼ਨ ਦੇਣ ਤੇ ਜੀ ਆਇਆਂ ਆਖਿਆ ਅਤੇ ਸ਼ੁਕਰਾਨਾ ਕੀਤਾ। ਉਪਰੰਤ ਸ. ਅਜੀਤ ਸਿੰਘ ਲਾਇਲ ਨੇ ਸੰਗਤ ਨੂੰ ਸੰਬੋਧਨ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਸ. ਰਣਜੀਤ ਸਿੰਘ ਪੁੱਤਰ ਸ. ਬਲਬੀਰ ਸਿੰਘ ਰੋਹਣੀ ਦਿੱਲੀ ਵਾਲੇ ਦੇ ਘਰ ਬਰੈਡਫੋਰਡ ਅਤੇ ਸ. ਗੁਰਦੇਵ ਸਿੰਘ ਪੁੱਤਰ ਸ. ਬਲਬੀਰ ਸਿੰਘ ਦਿੱਲੀ ਵਾਲੇ ਦੇ ਘਰ ਬੈਰੀ ਅਤੇ ਸ. ਪ੍ਰੇਮ ਸਿੰਘ ਪੁੱਤਰ ਪਰਮਜੀਤ ਸਿੰਘ ਦਿੱਲੀ ਵਾਲੇ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

**ਮਿਤੀ 18 ਜੁਲਾਈ 2024 ਦਿਨ ਵੀਰਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਰੈਂਮਟਨ ਦੀਆਂ ਬੱਚੀਆਂ ਦੇ ਜਥੇ ਨੇ ਕੀਤਾ। ਵਾਰ ਸਮਾਪਤੀ ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸਥਾਨਕ ਬੱਚੇ-ਬੱਚੀਆਂ ਦੀ ਸੰਗੀਤ ਦੀ ਸੰਥਿਆਂ ਸੁਣੀ ਜੋ ਉਹਨਾਂ ਨੇ ਆਪਣੇ ਉਸਤਾਦਾਂ ਪਾਸੋ ਗ੍ਰਹਿਣ ਕੀਤੀ ਹੈ। ਸ੍ਰੀ ਸਤਿਗੁਰੂ ਜੀ ਨੇ ਸੰਗੀਤ ਵਾਲੇ ਬੱਚਿਆਂ ਨੂੰ ਵਿਸ਼ੇਸ਼ ਖ਼ੁਸ਼ੀਆਂ ਬਖਸ਼ੀਆਂ। ਨਾਮਧਾਰੀ ਫਾਰਮ ਦਾ ਦੌਰਾ ਕੀਤਾ ਇਸ ਸਮੇਂ ਸ. ਗੁਰਪ੍ਰੀਤ ਸਿੰਘ ਅਤੇ ਬਸੰਤ ਸਿੰਘ ਨਾਲ ਹਾਜ਼ਰ ਸਨ। ਸੰਤ ਬਲਬੀਰ ਸਿੰਘ ਜੀ ਗੰਗੋਤਰੀ ਵਾਲੇ ਨਾਮ ਸਿਮਰਨ ਅਭਿਆਸ ਸਬੰਧੀ ਕੈਂਪ ਲਾ ਕੇ ਸੰਗਤ ਨੂੰ ਨਾਮ ਸਿਮਰਨ ਕਰਨ ਦੀ ਵਿਧੀ ਵਿਧਾਨ ਬਾਰੇ ਜਾਣਕਾਰੀ ਦੇ ਰਹੇ ਸਨ। ਅੱਜ ਸ੍ਰੀ ਸਤਿਗੁਰੂ ਜੀ ਨੇ ਸ. ਗਿਆਨ ਸਿੰਘ ਪੁੱਤਰ ਸ. ਸਤਨਾਮ ਸਿੰਘ ਮੁਕਤਾ ਦੇ ਗ੍ਰਹਿ ਅਤੇ ਸ. ਅਮਰ ਸਿੰਘ ਸ੍ਰੀ ਭੈਣੀ ਸਾਹਿਬ ਦੇ ਗ੍ਰਹਿ ਵਿਖੇ ਦਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ. ਰਜਿੰਦਰ ਸਿੰਘ ਗਿੱਲ ਦੇ ਲੜਕੇ ਰਤਨ ਸਿੰਘ ਅਤੇ ਰਮਨੀਕ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਦਸਤਾਰਾਂ ਸਜਾਈਆ। ਸ੍ਰੀ ਸਤਿਗੁਰੂ ਜੀ ਹੇਠ ਲਿਖੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ ਅਤਰ ਸਿੰਘ ਪੁੱਤਰ ਅਮਰੀਕ ਸਿੰਘ, ਸਤਨਾਮ ਸਿੰਘ ਪੁੱਤਰ ਅਮਰ ਸਿੰਘ ਗਿੱਲ, ਪਰਮਿੰਦਰ ਸਿੰਘ ਪੁੱਤਰ ਮਹਿੰਦਰਪਾਲ ਸਿੰਘ ਨੇ ਗੀਤ ਗਾਇਆ। ਬੀਬੀ ਜਸਵੰਤ ਕੌਰ ਪਤਨੀ ਸ. ਜਗਦੀਸ਼ ਸਿੰਘ, ਗੁਰਵਿੰਦਰ ਸਿੰਘ ਸੋਨੂੰ ਪੁੱਤਰ ਜੋਗਿੰਦਰ ਸਿੰਘ, ਹਾਕਮ ਸਿੰਘ ਪੁੱਤਰ ਹਰਿੰਦਰ ਸਿੰਘ, ਸੰਤਾ ਸਿੰਘ ਪੁੱਤਰ ਸੁੱਚਾ ਸਿੰਘ ਚੀਮਾਂ, ਅਰਵਿੰਦਰ ਸਿੰਘ ਪੁੱਤਰ ਅੰਮ੍ਰਿਤਪਾਲ ਸਿੰਘ ਨੂੰ ਦਸਤਾਰ ਸਜਾਈ, ਗੁਰਪ੍ਰੀਤ ਸਿੰਘ ਪੁੱਤਰ ਬਲਬੀਰ ਸਿੰਘ ਬੈਂਕ ਵਾਲੇ ਦੇ ਬੱਚੇ ਅਨਹਦ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ

ਦਸਤਾਰ ਸਜਾਈ, ਪਰਮਿੰਦਰ ਸਿੰਘ ਚਾਨਾ ਪੁੱਤਰ ਹਰਮਹਿੰਦਰ ਸਿੰਘ ਚਾਨਾ ਦਿੱਲੀ ਵਾਲੇ ਦੇ ਘਰ ਚਰਨ ਪਾਏ ਤਾਂ ਉਸ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਸੱਚ ਕਹਿਣ ਵਿੱਚ ਕੋਈ ਹਰਜ਼ ਨਹੀਂ ਮੈਂ ਪੰਜ ਸਾਲ ਭਟਕਿਆਂ ਰਿਹਾ ਹਾਂ। ਹੁਣ ਆਪ ਜੀ ਦੇ ਚਰਨਾਂ ਨਾਲ ਜੁੜਿਆਂ ਹਾਂ। ਰਾਤ ਹੋਣ ਤੇ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 19 ਜੁਲਾਈ 2024 ਸ਼ੁੱਕਰਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਗੁਰਦੁਆਰਾ ਵਿਖੇ ਰਾਗੀ ਬਲਵੰਤ ਸਿੰਘ, ਕ੍ਰਿਪਾਲ ਸਿੰਘ ਪਾਲੀ, ਹਰਪ੍ਰੀਤ ਸਿੰਘ ਸੋਨੂੰ ਅਤੇ ਰਤਨ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਵਾਰ ਦੀ ਸਮਾਪਤੀ ਉਪਰੰਤ ਸੰਤ ਬਲਬੀਰ ਸਿੰਘ ਜੀ ਗੰਗੋਤਰੀ ਵਾਲਿਆਂ ਦਾ ਵਖਿਆਣ ਹੋਇਆ। ਅੱਜ ਸਾਧ ਸੰਗਤ ਦਾ ਸ੍ਰੀ ਸਤਿਗੁਰੂ ਜੀ ਦੇ ਨਾਲ ਪਾਰਕ ਵਿੱਚ ਸੈਰ ਕਰਨ ਜਾਣ ਦਾ ਪ੍ਰੋਗਰਾਮ ਸੀ ਸ਼ਾਮ ਦੇ ਪ੍ਰੋਗਰਾਮ ਦੀ ਅਰਦਾਸ 5 ਵਜੇ ਹੋਈ ਜਿਸ ਵਿੱਚ ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਾਧ ਸੰਗਤ ਨੇ ਸਰਵਨ ਕੀਤਾ। ਉਪਰੰਤ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਦਾ ਲੈਕਚਰ ਹੋਇਆ। ਅੱਜ ਦੇ ਸਮਾਗਮ ਵਿੱਚ ਸੰਤ ਯਾਦਵਿੰਦਰ ਸਿੰਘ ਜੀ ਨਡਾਲਾ ਜ਼ਿਲ੍ਹਾ ਕਪੂਰਥਲਾ ਅਤੇ ਨਿਰਮਲ ਕੁਟੀਆ ਤਰਨਤਾਰਨ ਤੋਂ ਸੰਤ ਦਵਿੰਦਰ ਸਿੰਘ ਜੀ ਉਚੇਚੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਧਾਰੇ। ਸੰਤ ਦਵਿੰਦਰ ਸਿੰਘ ਜੀ ਨੇ ਸਾਧ ਸੰਗਤ ਨੂੰ ਸੰਬੋਧਨ ਕਰਦੇ ਹੋਏ ਬਚਨ ਕੀਤਾ ਕਿ ਅਸੀਂ ਸਾਰੇ ਗੁਰੂ ਨਾਨਕ ਦੇਵ ਜੀ ਦੇ ਹੀ ਵਰੋਸਾਏ ਹੋਏ ਹਾਂ। ਸਮਾਗਮ ਸਮੇਂ ਪੰਜਾਬੀ ਸਾਹਿਤ ਸਭਾ ਚੇਅਰਮੈਨ ਸ. ਦਲਬੀਰ ਸਿੰਘ ਕਥੂਰੀਆਂ ਅਤੇ ਵਿਸ਼ਵ ਪੰਜਾਬੀ ਕਾਨਫਰੰਸ ਦੇ ਪ੍ਰਧਾਨ ਸ. ਪ੍ਰਗਟ ਸਿੰਘ ਬੱਗਾ ਵੀ ਇਸ ਸਮਾਗਮ ਵਿੱਚ ਹਾਜ਼ਰੀ ਭਰੀ ਅਤੇ ਉਹਨਾਂ ਨੇ ਆਪਣੇ ਵੱਲੋਂ ਵਿਸ਼ਵ ਪੰਜਾਬੀ ਕਾਨਫਰੰਸ ਜੋ 16 ਅਤੇ 17 ਅਗਸਤ ਨੂੰ ਹੋਣ ਜਾ ਰਹੀ ਸੀ ਉਸਦਾ ਪੱਤਰ ਵੀ ਸ੍ਰੀ ਸਤਿਗੁਰੂ ਜੀ ਨੂੰ ਭੇਂਟ ਕੀਤਾ। ਸਮਾਗਮ ਸਮੇਂ ਰਤਨ ਸਿੰਘ, ਹਾਕਮ ਸਿੰਘ, ਹਰਨਾਮ ਸਿੰਘ, ਰਛਪਾਲ ਸਿੰਘ ਅਤੇ ਸਾਥੀਆਂ ਨੇ ਸ੍ਰੀ ਸਤਿਗੁਰੂ ਜੀ ਸਨਮੁੱਖ ਕਵਾਲੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਦੀਆਂ ਅਰਜ਼ ਬੇਨਤੀਆਂ ਸੁਣੀਆਂ ਅਤੇ ਰਾਤ ਡੇਰੇ ਆ ਵਿਸ਼ਰਾਮ ਕੀਤਾ।

**ਮਿਤੀ 20 ਜੁਲਾਈ 2024 ਦਿਨ ਸ਼ਨੀਵਾਰ–** ਅੱਜ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ, ਕ੍ਰਿਪਾਲ ਸਿੰਘ ਪਾਲੀ, ਰਤਨ ਸਿੰਘ ਨੇ ਸ੍ਰੀ ਸਤਿਗੁਰੂ ਜੀ ਹਜ਼ੂਰੀ ਵਿੱਚ ਨਾਮਧਾਰੀ ਗੁਰਦੁਆਰੇ ਕੀਤਾ। ਵਾਰ ਸਮਾਪਤੀ ਉਪਰੰਤ ਸੇਵਕ ਹਰਪਾਲ ਸਿੰਘ ਨੇ ਸਾਧ ਸੰਗਤ ਨੂੰ ਸੰਬੋਧਨ ਕੀਤਾ। ਕਾਕਾ ਜਸਵੰਤ ਸਿੰਘ ਪੁੱਤਰ ਹਰਮੀਤ ਸਿੰਘ ਨੇ ਕਵਿਤਾ ਪੜ੍ਹੀ, ਬੱਚੀ ਕੁਲਜੀਤ ਕੌਰ ਤੇ ਕੁਲਵੰਤ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਬਾਬਤ ਕਵਿਤਾ ਪੇਸ਼ ਕੀਤੀ। ਖੁਸਪ੍ਰੀਤ ਸਿੰਘ ਪੁੱਤਰ ਨਿਸ਼ਾਨ ਸਿੰਘ ਨੇ ਲੈਕਚਰ ਕੀਤਾ ਅਤੇ ਕਾਕਾ ਗੁਰਜਾਪ ਸਿੰਘ ਨੇ ਦੀਵਾਨ ਸਜਾਇਆ। ਅੱਜ ਸਰਬ ਧਰਮ ਸੰਮੇਲਨ ਦਾ ਦਿਨ ਸੀ ਜੋ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨਮਾਈ ਹੇਠ ਬੰਬੇ ਪੈਲਿਸ ਨਾਮ ਦੇ ਹਾਲ ਵਿੱਚ ਹੋਣ ਜਾ ਰਿਹਾ ਸੀ। ਜਿਸ ਦੀ ਸ਼ੁਰੂਆਤ ਸੰਗੀਤ ਨਾਲ ਹੋਇਆ ਜਿਸ ਵਿੱਚ ਸੰਗੀਤ ਕਲਾਕਾਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਅੱਜ ਦੇ ਸਮਾਗਮ ਵਿੱਚ ਮਿਸਟਰ ਰਾਕੇਸ਼ ਕ੍ਰਿਸ਼ਨਾ ਮੰਦਰ ਤੋਂ ਸ੍ਰੀ ਵੱਲਭ ਹਰੀਦਾਸ, ਨਿਰਮਲ ਮਹਾਂ ਮੰਡਲ ਸੰਤ ਯਾਦਵਿੰਦਰ ਸਿੰਘ ਨਡਾਲਾ, ਮੁਸਲਿਮ ਧਰਮ ਤੋਂ ਸ੍ਰੀ ਨਾਸੀਰ ਭੱਟ ਅਹਿਮਦੀਆਂ ਮੁਸਲਿਮ ਜਮਾਤ ਕਨੇਡਾ, ਸਵਾਮੀ ਨਰਾਇਨ ਮੰਦਰ ਤੋਂ ਗਨਸ਼ਾਮ ਸਾਗਰ ਦਾਸ ਸਵਾਮੀ ਟਰਾਂਟੋ, ਪ੍ਰੋ ਜੋਸਪੇ ਚੰਦਰਕਾਂਤ ਧਾਰਮਿਕ ਸਿੱਖਿਆ ਜੁਨੀਵਸ਼ਿਪ ਟਰਾਂਟੋ ਅਤੇ ਮਿਸਟਰ ਅਰੁਨ ਕੁਮਾਰ ਕੱਸ਼ਲ ਕੋਸਲਟ ਜਰਨਲ ਆਫ ਇੰਡੀਆਂ। ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਉਪਦੇਸ਼ ਨਾਲ ਅੱਜ ਦੇ ਏਸ ਸਰਬ ਧਰਮ ਸੰਮੇਲਨ ਦੀ ਸਮਾਪਤੀ ਹੋਈ। ਇਸ ਸਮੇਂ ਮੰਚ ਸੰਚਾਲਨ ਕਾਕਾ ਦਰਸ਼ਨ ਸਿੰਘ ਪਨੇਸਰ ਅਤੇ ਗਿਆਨ ਸਿੰਘ ਪੁੱਤਰ ਸ. ਗੁਰਦੀਪ ਸਿੰਘ ਨੇ ਬਹੁਤ ਜੀ ਸੁਚੱਜੇ ਢੰਗ ਨਾਲ ਕੀਤਾ। ਸੰਮੇਲਨ ਦੀ ਸਮਾਪਤੀ ਉਪਰੰਤ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਬਸੰਤ ਸਿੰਘ ਪੁੱਤਰ ਸ. ਬਲਬੀਰ ਸਿੰਘ ਬਜੀਦਪੁਰ ਦੀ ਫੈਕਟਰੀ ਵਿੱਚ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਕੱਤਰ ਰਹੇ ਸੰਤ ਤਰਸੇਮ ਸਿੰਘ ਦੇ ਸਪੁੱਤਰ ਸ. ਗੁਰਬਖਸ਼ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਵਾਪਸ ਡੇਰੇ ਆਣ ਰਾਤ ਵਿਸ਼ਰਾਮ ਕੀਤਾ।

**ਮਿਤੀ 21 ਜੁਲਾਈ 2024 ਦਿਨ ਐਤਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਬਲਵੰਤ ਸਿੰਘ ਦੀ ਅਗਵਾਈ ਵਿੱਚ ਕੀਤਾ ਗਿਆ। ਸਮਾਪਤੀ ਉਪਰੰਤ ਗੰਗਾ ਸਿੰਘ ਪੁੱਤਰ ਗੁਰਲਾਲ ਸਿੰਘ ਸੰਤ ਨਗਰ ਅਤੇ ਲੜਕੀ ਜਸਨਪ੍ਰੀਤ ਕੌਰ ਪੁੱਤਰੀ ਪਰਮਦ ਸਿੰਘ ਅੰਮ੍ਰਿਤਸਰ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਈਆਂ।

ਬੀਬੀ ਸਮਿੰਦਰ ਕੌਰ ਜੰਡਾਲੀ ਨੇ ਕਵਿਤਾ ਪੜੀ ਅਤੇ ਪਵਿੱਤਰ ਗੁਰਬਾਣੀ ਦੀ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਏ ਗਏ। ਸਮਾਗਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨੌਜਵਾਨ ਲੜਕੇ ਅਤੇ ਲੜਕੀਆਂ ਨਾਲ ਵਿਸ਼ੇਸ਼ ਇਕੱਤਰਤਾ ਕੀਤੀ ਅਤੇ ਬੱਚਿਆਂ ਦੀਆਂ ਸਮੱਸਿਆਵਾਂ ਸੁਣੀਆਂ। ਅੱਜ ਬੀਬੀ ਹਰਪਾਲ ਕੌਰ ਦੇ ਸ੍ਰੀ ਸਤਿਗੁਰੂ ਜੀ ਸਮੇਤ ਸਿਖਾਂ ਸੇਵਕਾਂ ਦੇ ਪ੍ਰਸ਼ਾਦਾ ਛਕਿਆ। ਵਾਪਸੀ ਸਮੇਂ ਸ. ਆਗਿਆਪਾਲ ਸਿੰਘ ਪੁੱਤਰ ਸ. ਲਖਵੀਰ ਸਿੰਘ ਕੰਗਨਪੁਰ ਦੇ ਇਮੀਗਰੇਸ਼ਨ ਦਫ਼ਤਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਨੇ ਹਾਕੀ ਟੂਰਨਾਮੈਂਟ ਵਿਖੇ ਦਰਸ਼ਨ ਦੇ ਕੇ ਖਿਡਾਰੀਆਂ ਦੀ ਹੌਸਲਾ ਵਧਾਈ ਕੀਤੀ ਅਤੇ ਸ. ਰਣਜੀਤ ਸਿੰਘ ਪੁੱਤਰ ਊਧਮ ਸਿੰਘ ਕੱਟੜੀ ਵਾਲੇ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਅੱਜ ਸ਼ਾਮ ਦਾ ਵਿਸ਼ੇਸ਼ ਪ੍ਰੋਗਰਾਮ ਪਦਮ ਸ੍ਰੀ ਡਾ. ਸੁਰਜੀਤ ਪਾਤਰ ਜੀ ਦੀ ਯਾਦ ਵਿੱਚ ਸੀ ਜੋ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਅਰੰਭ ਹੋਇਆ। ਸ਼ੁਰੂਆਤ ਸਮੇਂ ਡਾ. ਕੁਲਵਿੰਦਰ ਸਿੰਘ ਖਹਿਰਾ, ਸ੍ਰੀ ਭੁਪਿੰਦਰ ਸਿੰਘ, ਪ੍ਰੋ. ਜੰਗੀਰ ਸਿੰਘ ਕਾਹਲੋ, ਪ੍ਰਿੰਸੀਪਲ ਸਰਬਨ ਸਿੰਘ, ਪਿਆਰਾ ਸਿੰਘ ਕੱਦੋਵਾਲੇ, ਸ. ਸੁਖਪਾਲ ਸਿੰਘ ਪੇਸ਼ ਕੀਤੇ। ਇਸ ਸਮਾਗਮ ਦੇ ਮੁੱਖ ਬੁਲਾਰੇ ਡਾ. ਵਰਿਆਮ ਸਿੰਘ ਸੰਧੂ ਜੀ ਨੇ ਆਪਣੀ ਹੀ ਸ਼ੈਲੀ ਅਤੇ ਭਾਵਪੂਰਵ ਸ਼ਬਦਾਂ ਨਾਲ ਡਾ. ਪਾਤਰ ਜੀ ਨੂੰ ਯਾਦ ਕੀਤਾ ਅਤੇ ਦੱਸਿਆ ਕਿ ਕਿਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਸ ਤਰ੍ਹਾਂ ਵਿਦਵਾਨਾਂ ਅਤੇ ਬੁੱਧੀਜੀਵੀ ਲੋਕਾਂ ਦੀ ਕਦਰ ਕੀਤੀ। ਇਸ ਗੱਲੋਂ ਨਾਮਧਾਰੀ ਦਰਬਾਰ ਵਧਾਈ ਦਾ ਪਾਤਰ ਹੈ। ਸ. ਅਨੂਪ ਸਿੰਘ ਨੇ ਇਕ ਕਵਿਤਾ ਪਾਤਰ ਜੀ ਦੀ ਯਾਦ ਵਿੱਚ ਪੜ੍ਹੀ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਵਿੱਤਰ ਉਪਦੇਸ਼ ਅਤੇ ਵਿਦਵਾਨਾਂ ਦੇ ਸਨਮਾਨ ਨਾਲ ਅੱਜ ਦਾ ਇਹ ਡਾ. ਸੁਰਜੀਤ ਸਿੰਘ ਪਾਤਰ ਯਾਦਗਾਰੀ ਸਮਾਗਮ ਇਤਿਹਾਸਿਕ ਹੋ ਨਿਭੜਿਆ।

**ਮਿਤੀ 22 ਜੁਲਾਈ 2024 ਦਿਨ ਸੋਮਵਾਰ–** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਨਿੱਤ ਕਰਮ ਅਨੁਸਾਰ ਹਜ਼ੂਰੀ ਰਾਗੀ ਜਥੇ ਵਲੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤਾ ਗਿਆ। ਵਾਰ ਸਮਾਪਤੀ ਉਪਰੰਤ ਸ. ਅਮਰੀਕ ਸਿੰਘ ਅਤੇ ਉਹਨਾਂ ਦੇ ਸਪੁੱਤਰ ਆਸਾ ਦੀ ਨੇ ਗੁਰਬਾਣੀ ਦਾ ਇਕ ਸ਼ਬਦ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪੜ੍ਹਿਆਂ। ਰਾਗੀ ਰਤਨ ਸਿੰਘ, ਰਛਪਾਲ ਸਿੰਘ ਅਤੇ ਈਸ਼ਰ ਸਿੰਘ ਪੰਧੇਰ ਨੇ ਗੁਰਬਾਣੀ ਦਾ ਸ਼ਬਦ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਪੇਸ਼ ਕੀਤਾ। ਬਰੈਂਮਟਨ ਦੇ ਸਵਾਮੀ ਨਰਾਇਨ ਮੰਦਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਮੰਦਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਗੁਲਦਸਤੇ ਭੇਂਟ ਕਰਕੇ ਸੁਆਗਤ ਕੀਤਾ ਗਿਆ। ਸ. ਕੁਲਪਿੰਦਰ ਸਿੰਘ ਪੁੱਤਰ ਸ. ਮਨਮੋਹਨ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਹਰਪਾਲ ਸਿੰਘ ਪੁੱਤਰ ਸ. ਜਸਵੰਤ ਸਿੰਘ ਕੱਲਾ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਛੱਕਿਆ। ਸ. ਕਵਲਪ੍ਰੀਤ ਸਿੰਘ ਤੇ ਬੀਬੀ ਅਨਮੋਲਦੀਪ ਕੌਰ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਅੱਜ ਸਾਧ ਸੰਗਤ ਦੇ ਨਾਲ ਬਾਹਰ ਘੁੰਮਣ ਜਾਣ ਦਾ ਪ੍ਰੋਗਰਾਮ ਸੀ। ਵਾਪਸ ਡੇਰੇ ਆਣ ਰਾਤ ਵਿਸ਼ਰਾਮ ਕੀਤਾ।

**ਮਿਤੀ 23 ਜੁਲਾਈ 2024 ਦਿਨ ਮੰਗਲਵਾਰ–** ਅੱਜ ਸਥਾਨਕ ਜਥੇ ਦੇ ਨੌਜਵਾਨਾਂ ਦੇ ਜਥੇ ਵਲੋਂ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਵਰਨ ਸਿੰਘ, ਦਰਸ਼ਨ ਸਿੰਘ, ਰਤਨ ਸਿੰਘ ਤੇ ਰਛਪਾਲ ਸਿੰਘ ਨੇ ਕੀਤਾ। ਬੱਚੀ ਗਨੇਸ਼ ਕੌਰ ਪੁੱਤਰੀ ਸ. ਗੁਰਮੁੱਖ ਸਿੰਘ ਲੈਕਚਰ ਕੀਤਾ ਵਿਸ਼ਾ ਸੀ 'ਸਤਿਗੁਰੂ'। ਸਥਾਨਕ ਹਾਕੀ ਟੂਰਨਾਮੈਂਟ ਦੇ ਜੇਤੂ ਬੱਚਿਆਂ ਦਾ ਸਨਮਾਨ ਕੀਤਾ ਗਿਆ। ਬੱਚੀ ਹੀਰ ਕੌਰ ਭੱਟੀ ਪੁੱਤਰੀ ਕੁਲਵੰਤ ਸਿੰਘ ਭੱਟੀ ਨੇ ਸ਼ਬਦ ਪੇਸ਼ ਕੀਤਾ। ਸ੍ਰੀ ਸਤਿਗੁਰੂ ਜੀ ਨੇ ਕਾਕਾ ਮਨਿੰਦਰ ਸਿੰਘ ਪੁੱਤਰ ਸ. ਬਸੰਤ ਸਿੰਘ ਬਜੀਦ ਨੇ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ. ਹਰਜਿੰਦਰ ਸਿੰਘ ਦੇ ਗ੍ਰਹਿ ਵਿਖੇ ਪ੍ਰਸ਼ਾਦਾ ਛਕਿਆ।

ਏਥੇ ਹੀ ਸ੍ਰੀ ਸਤਿਗੁਰੂ ਜੀ ਸਾਧ ਸੰਗਤ ਦੇ ਨਾਲ ਬਟੈਨੀਕਲ ਪਾਰਕ ਜਾਣ ਦਾ ਪ੍ਰੋਗਰਾਮ ਬਣਿਆ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦੇ ਸਾਥ ਦਾ ਭਰਭੂਰ ਅਨੰਦ ਮਾਣਿਆ। ਬਰੈਮਟਨ ਦੇ ਮਸ਼ਹੂਰ ਸਿੰਘ ਪੀਜ਼ੇ ਵਾਲਿਆਂ ਨੇ ਪੀਜੇ ਦਾ ਖੂਬ ਲੰਗਰ ਪਾਰਕ ਵਿੱਚ ਆਈ ਸੰਗਤ ਨੂੰ ਛਕਾਇਆ ਅਤੇ ਸੰਗਤ ਦੀਆਂ ਖੁਸ਼ੀਆਂ ਲਈਆਂ। ਏਥੇ ਹੀ ਅਚਾਨਕ ਸ੍ਰੀ ਸਤਿਗੁਰੂ ਜੀ ਦਾ ਨਿੱਜੀ ਪ੍ਰੋਗਰਾਮ ਬਰੈਂਮਟਨ ਸ਼ਹਿਰ ਤੋਂ ਅਮਰੀਕਾ ਦੇ ਸ਼ਹਿਰ ਰਚੈਸਟਰ ਜਾਣ ਬਣ ਗਿਆ ਅਤੇ ਸ੍ਰੀ ਸਤਿਗੁਰੂ ਜੀ ਸਮੇਤ ਮਾਤਾ ਗੁਰਸ਼ਰਨ ਕੌਰ ਜੀ ਅਤੇ ਕੁਝ ਸਾਧ ਸੰਗਤ ਨਾਲ ਅਮਰੀਕਾ ਦੇ ਸ਼ਹਿਰ ਰਚੈਸਟਰ ਲਈ ਰਵਾਨਾ ਹੋ ਗਏ। ਸ੍ਰੀ ਸਤਿਗੁਰੂ ਜੀ ਦੇਰ ਰਾਤ ਤੱਕ ਰਚੈਸਟਰ ਤੋਂ ਵਾਪਸੀ ਕਰਦੇ ਹੋਏ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 24 ਜੁਲਾਈ 2024 ਦਿਨ ਬੁੱਧਵਾਰ–** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ

ਹਜ਼ੂਰੀ ਵਿੱਚ ਨਾਮਧਾਰੀ ਗੁਰਦੁਆਰਾ ਵਿਖੇ ਹਜ਼ੂਰੀ ਰਾਗੀ ਜਥੇ ਵਲੋਂ ਕੀਤਾ ਗਿਆ। ਵਾਰ ਸਮਾਪਤੀ ਉਪਰੰਤ ਸੂਬਾ ਗੁਰਦਿਆਲ ਸਿੰਘ ਜੀ ਨੇ ਇਕ ਕਵਿਤਾ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਪੇਸ਼ ਕੀਤੀ। ਸ੍ਰੀ ਸਤਿਗੁਰੂ ਜੀ ਨੇ ਸ. ਰਮਨੀਕ ਸਿੰਘ ਪੁੱਤਰ ਸ, ਜੋਗਿੰਦਰ ਸਿੰਘ ਗੰਭੀਰ ਦੇ ਗ੍ਰਿਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਗੁਰਦੀਪ ਸਿੰਘ ਪੁੱਤਰ ਸ. ਦਲੀਪ ਸਿੰਘ ਸਤਿਜੁਗ ਵਾਲੇ ਦੇ ਗ੍ਰਿਹਿ ਵਿਖੇ ਚਰਨ ਪਾਏ। ਅੱਜ ਸ਼ਾਮ ਦਾ ਪ੍ਰੋਗਰਾਮ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ 5 ਤੋਂ 6 ਵਜੇ ਤੱਕ ਸਾਧ ਸੰਗਤ ਨੇ ਨਾਮ ਸਿਮਰਨ ਕੀਤਾ। ਜ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਹੱਲੇ ਦਾ ਦੀਵਾਨ ਸਜਾਇਆ। ਅੱਜ ਸ਼ਾਮ ਦੇ ਕੀਰਤਨ ਸਮੇਂ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਘੁੱਲਾ ਨੇ ਬਾਬਾ ਫਰੀਦ ਜੀ ਦਾ ਸ਼ਬਦ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਗਾਇਨ ਕੀਤਾ। ਹਰਦਿਆਲ ਸਿੰਘ ਪੁੱਤਰ ਸ. ਹਰਪਾਲ ਸਿੰਘ ਭੱਲੀ ਨੇ ਸੰਤੂਰ ਵਾਦਨ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਪੇਸ਼ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ ਇਹ ਸਾਧ ਸੰਗਤ ਕਰਨ ਦਾ ਮੌਕਾ ਵੱਡੇ ਭਾਗਾ ਕਰਕੇ ਮਿਲਿਆ ਹੈ। ਸਿੱਖੀ ਜੀਵਨ ਜਾਂਚ ਹੈ ਕਾਰ ਵਿਹਾਰ ਕਰਦੇ ਸਿੱਖੀ ਨਾਲ ਜੁੜ ਕੇ ਰਿਹਾ ਜਾਵੇ।

**ਮਿਤੀ 25 ਜੁਲਾਈ 2024 ਦਿਨ ਵੀਰਵਾਰ–** ਅੱਜ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਬਲਵੰਤ ਸਿੰਘ ਦੀ ਅਗਵਾਈ ਵਿੱਚ ਸਥਾਨਕ ਨੌਜਵਾਨਾਂ ਦੇ ਜਥੇ ਵਲੋਂ ਨਾਮਧਾਰੀ ਪੰਥ ਦੀ ਪ੍ਰੰਪਰਾਗਤ ਸ਼ੈਲੀ ਵਾਰੇ ਦੇ ਰੂਪ ਵਿੱਚ ਕੀਤਾ ਗਿਆ। ਵਾਰੇ ਦੇ ਕੀਰਤਨ ਦੀ ਸਮਾਪਤੀ ਉਪਰੰਤ ਗੁਰਜੋਬਨ ਸਿੰਘ ਦੀ ਅਗਵਾਈ ਵਿੱਚ ਬਸੰਤ ਸਿੰਘ, ਗੁਰਨੇਕ ਸਿੰਘ ਅਤੇ ਰਛਪਾਲ ਸਿੰਘ ਨੇ ਕਵੀਸ਼ਰੀ ਦੇ ਰੂਪ ਵਿੱਚ ਧੰਨੇ ਭਗਤ ਦਾ ਪ੍ਰਸੰਗ ਪੇਸ਼ ਕੀਤਾ। ਅੱਜ ਸ੍ਰੀ ਸਤਿਗੁਰੂ ਜੀ ਦੇ ਕਨੇਡਾ ਦੌਰਾ ਦਾ ਸਮਾਪਤੀ ਦਾ ਦਿਨ ਸੀ। ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਬੇਅੰਤ ਖੁਸ਼ੀਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਘਰ ਵਿਚੋਂ ਬਖਸ਼ੀਆਂ। ਸ੍ਰੀ ਸਤਿਗੁਰੂ ਜੀ ਦੇ ਕਨੇਡਾ ਦਰਸ਼ਨ ਦੇਣ ਦੀ ਖੁਸ਼ੀ ਸੰਗਤ ਦੇ ਚੇਹਰਿਆਂ ਤੇ ਸਾਫ਼ ਝਲਕਦੀ ਸੀ। ਕਨੇਡਾ ਦੀ ਸਾਧ ਸੰਗਤ ਸਮੇਤ ਨੌਜਵਾਨ ਤਨ ਮਨ ਅਤੇ ਧਨ ਨਾਲ ਸੇਵਾ ਕਰਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੇ। ਸਮੁੱਚੀ ਦੌਰਾ ਰਿਪੋਟ ਵਿਚ ਹੋਈ ਭੁੱਲ ਚੁੱਕ ਦੀ ਖਿਮਾਂ ਮੰਗ ਕੇ ਇਸ ਕਾਮਨਾ ਨਾਮ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਦੇਸ਼ ਦੀ ਵਧਦਾ ਫੁੱਲਦਾ ਰਹੇ ਅਤੇ ਆਪਣੀ ਖੁਸ਼ਬੂ ਬਖੇਰਦਾ ਰਹੇ ਅਤੇ ਸ. ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਅਤੇ ਨਿਵਾਜੇ ਪੰਥ ਦੀ ਹਰ ਤਰਫ ਜੈ-ਜੈ ਕਾਰ ਹੋਵੇ। ਏਸੇ ਅਰਦਾਸ ਨਾਲ ਹੀ ਆਪਣੀ ਕਲਮ ਨੂੰ ਵਿਸ਼ਰਾਮ ਦਿੰਦਾ ਹਾਂ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਸ਼ੇਰ–ਏ–ਪੰਜਾਬ ਰੇਡੀਓ ਕੈਨੇਡਾ

**ਨਾਮਧਾਰੀਆਂ ਨੇ ਮੌਡਰੇਨਾਈਜੇਸ਼ਨ ਦੇ ਵੱਧਦੇ ਪ੍ਰਭਾਵ ਵਿੱਚ ਵੀ ਅਨੁਸ਼ਾਸਨ ਨੂੰ ਨਹੀਂ ਹਿੱਲਣ ਦਿੱਤਾ– ਹਰਜੀਤ ਸਿੰਘ ਗਿੱਲ**

ਪਿਛਲੇ ਦਿਨੀਂ ਇੱਕ ਅਗਸਤ 2024 ਨੂੰ ਰੇਡੀਓ ਸਟੇਸ਼ਨ ਸ਼ੇਰੇ-ਏ-ਪੰਜਾਬ, ਰਿਚਮੰਡ, ਬੀ.ਸੀ. ਕੈਨੇਡਾ ਵਿਖੇ ਰੇਡੀਓ ਦੇ ਸੀਨੀਅਰ ਹੋਸਟ ਸ. ਹਰਜੀਤ ਸਿੰਘ ਗਿੱਲ ਦੇ ਇਕ ਰੇਡੀਓ ਪ੍ਰੋਗਰਾਮ ਦੌਰਾਨ (ਡਾ. ਲਖਵੀਰ ਸਿੰਘ ਰਾਮਪੁਰਾ ਫੂਲ ਨਾਲ) ਲਾਈਵ ਗੱਲਬਾਤ ਹੋਈ। ਸ਼ੇਰ-ਏ-ਪੰਜਾਬ ਕੈਨੇਡਾ ਦਾ ਮਸ਼ਹੂਰ ਪੁਰਾਤਨ ਰੇਡੀਓ ਹੈ। ਜਿਸਦੇ ਦੁਨੀਆਂ ਭਰ ਵਿੱਚ ਮਿਲੀਅਨ ਸਰੋਤੇ ਹਨ। ਹਰਜੀਤ ਸਿੰਘ ਗਿੱਲ ਇਸ ਰੇਡੀਓ ਦੇ ਨਾਮਵਰ ਅਤੇ ਹਰਮਨ ਪਿਆਰੇ ਹੋਸਟ ਹਨ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਣਾਏ ਹੋਏ ਹਨ। ਸ. ਹਰਜੀਤ ਸਿੰਘ ਗਿੱਲ ਦਾ ਕੈਨੇਡਾ ਦੀ ਸਿਆਸਤ ਵਿੱਚ ਸਰਗਰਮ ਚਿਹਰਾ ਵੀ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ। ਆਪ ਪਿਏਰੇ ਪੋਇਲੀਏਵਰ ਦੀ ਕੋਨਜ਼ੇਰੇਟਿਵ ਪਾਰਟੀ ਆਫ਼ ਕੈਨੇਡਾ ਦੇ ਅਗਲੀ ਛਿਮਾਹੀਂ ਵਿੱਚ ਹੋਣ ਵਾਲੀਆਂ ਇਲੈਕਸ਼ਨਾਂ ਦੇ ਸਰੀ ਤੋਂ ਐਮ.ਪੀ. ਉਮੀਦਵਾਰ ਵੀ ਹਨ।

ਰੇਡੀਓ ਦੀ ਇਹ ਲਾਈਵ ਗੱਲਬਾਤ ਭਾਵੇਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਲਈ ਵਿਸ਼ਵ ਪੱਧਰ ਤੇ ਕਾਰਜ ਕਰ ਰਹੀ ਪੰਜਾਬੀ ਸੱਥ ਅਤੇ ਮਲਵਈ ਪੰਜਾਬੀ ਸੱਥ ਦੀਆਂ ਗਤੀਵਿਧੀਆਂ ਬਾਰੇ ਸੀ। ਪਰ ਗੱਲਾਂ ਗੱਲਾਂ ਵਿੱਚੋਂ ਇਹ ਗੱਲ ਸਾਹਮਣੇ ਆਈ ਕਿ ਨਵੀਂ ਪੀੜ੍ਹੀ ਆਪਣੇ ਧਰਮ, ਵਿਰਸੇ ਅਤੇ ਸੱਭਿਆਚਾਰ ਨਾਲੋਂ ਟੁੱਟ ਰਹੀ ਹੈ, ਆਪਣੀਆਂ ਪੁਸ਼ਤੈਨੀ ਜੜ੍ਹਾਂ ਨਾਲੋਂ ਟੁੱਟ ਰਹੀ ਹੈ। ਰੂਹਾਨੀਅਤ, ਇਖਲਾਕੀ ਸਦਗੁਣਾਂ ਅਤੇ ਸ਼ਿਸ਼ਟਾਚਾਰੀ ਤੋਂ ਦੂਰ ਜਾ ਰਹੀ ਹੈ।ਇਸ ਦੇ ਕਰਨ ਘੋਖਦਿਆਂ ਮੇਰਾ ਤਰਕ ਸੀ ਕਿ ਸੰਸਾਰੀਕਰਨ, ਵਿਸ਼ਵੀਕਰਨ, ਪੱਛਮੀਕਰਨ ਦਾ ਮਾਰੂ

ਪ੍ਰਭਾਵ ਸਾਡੇ ਸਮਾਜ, ਸਾਡੇ ਧਰਮ, ਸਾਡੇ ਵਿਰਸੇ, ਸਾਡੇ ਸੱਭਿਆਚਾਰ ਨੂੰ ਘੁਣ ਵਾਂਗ ਖਾ ਰਿਹਾ ਹੈ। ਇਸ ਨਵੀਨੀਕਰਨ ਅਤੇ ਭਾਰੂ ਨਿੱਜਸਵਾਰਥ ਦੇ ਜ਼ਮਾਨੇ ਦੇ ਪ੍ਰਭਾਵ ਕਾਰਨ ਹੀ ਸਮਾਜਿਕ ਪਰਿਵਾਰਿਕ ਯੁੱਗਾਂ ਤੋਂ ਚਲਦੀਆਂ ਆਉਂਦੀਆਂ ਉਸਾਰੂ ਕਦਰਾਂ-ਕੀਮਤਾਂ ਖੰਭ ਲਾਕੇ ਉੱਡ ਰਹੀਆਂ ਹਨ। ਅੱਗੋਂ ਸ. ਹਰਜੀਤ ਸਿੰਘ ਗਿੱਲ ਭਾਵੇਂ ਇਸ ਗੱਲ ਨਾਲ ਸਹਿਮਤ ਸਨ ਪਰ ਉਹਨਾਂ ਦਾ ਕਹਿਣਾ ਸੀ ਕਿ ਨਾਮਧਾਰੀ ਵੀ ਤਾਂ ਇਸੇ ਮਾਹੌਲ ਵਿੱਚ ਰਹਿੰਦੇ ਹਨ ਉਹਨਾਂ ਨੇ ਆਪਣਾ ਧਰਮ , ਵਿਰਸਾ ਤੇ ਮਰਯਾਦਾ ਸੰਭਲਕੇ ਰੱਖੇ ਹੋਏ ਹਨ। ਜਿਹੜੇ ਵਿਚਾਰ ਉਹਨਾਂ ਨੇ ਪ੍ਰਗਟ ਕੀਤੇ ਮੈਂ ਉਹਨਾਂ ਸ਼ਬਦਾਂ ਨੂੰ ਉਵੇਂ ਹੀ ਉਹਨਾਂ ਦੇ ਸ਼ਬਦਾਂ ਵਿੱਚ ਲਿਖਿਆ ਹੈ-

"ਜਿਹੜੀਆਂ ਵਿਰਾਸਤੀ ਚੀਜ਼ਾਂ ਸੀ ਇਹ ਬਹੁਤ ਤੇਜੀ ਨਾਲ ਖਤਮ ਹੋਈਆਂ। ਅਸੀਂ ਏਥੇ ਕੈਨੇਡਾ ਵਿੱਚ ਬੈਠੇ ਹਾਂ ਸਾਨੂੰ ਬਹੁਤ ਹੇਰਵੈ ਪੰਜਾਬ ਦਾ। ਸਾਨੂੰ ਮਾਲਵੇ ਤੇ ਮਾਣ ਵੀ ਐ। ਭੈਣੀ ਸਾਹਿਬ ਦਾ ਇਲਾਕੈ ਸਾਡਾ, ਸਾਡੇ ਪਿੰਡ ਨੇ ਨੇੜੇ। ਪਰ ਸ਼ਾਸਨ ਤੇ ਜ਼ਾਬਤਾ ਜਿਹੜ੍ਹਾ ਜਾਵੀਆ ਉਹ ਜ਼ਿੰਦਗੀ ਨੂੰ ਸਿੱਧਾ ਰੱਖਦੈ। ਨਾਮਧਾਰੀ ਸੰਗਤ ਜਦ ਆਪਾਂ ਦੇਖਦੇ ਐਂ, ਸਾਰਾ ਕੁਝ ਹੀ ਹੈ ਉਥੇ, ਉਥੇ ਇੰਡਸਟਰੀਲਾਈਜੇਸ਼ਨ ਵੀ ਹੈ,ਨਾਲ ਲੁਧਿਆਣਾ ਹੈ, ਓਧਰ ਚੰਡੀਗੜ੍ਹ ਐ, ਮੌਡਰੇਨਾਈਜੇਸ਼ਨ ਸਾਰੀ ਐ। ਪਰ ਦੇਖੋ ਤੁਸੀਂ ਨਾਮਧਾਰੀਆਂ ਨੇ ਅਨੁਸ਼ਾਸ਼ਨ ਨੂੰ ਨਹੀਂ ਹਿੱਲਣ ਦਿੱਤਾ। ਤੁਹਾਡੇ ਘਰਾਂ ਦੇ ਵਿੱਚ ਚੀਜ਼ ਜਿਹੜੀ ਪ੍ਰਚੱਲਤ ਹੋਈ ਮਰਯਾਦਾ ਉਹ ਉਸੇ ਤਰਾਂ ਜਾ ਰਹੀ ਹੈ। ਇਹਦਾ ਮਤਲਬ ਅਨੁਸ਼ਾਸ਼ਨ ਜੇ ਕਿਤੇ ਘਰ ਵਿੱਚ ਹੈ ਉਸਦਾ ਅਸਰ ਤਾਂ ਰਹਿੰਦੈ। ਚੀਜ਼ (ਮਰਯਾਦਾ ਦਾ ਅਸਰ) ਤਾਂ ਜਾਂਦੀਐਂ ਇਹ ਤਾਂ ਹੈ ਨਹੀਂ ਵੀ ਨਹੀਂ ਜਾਂਦੀ।

ਨਾਮਧਾਰੀਆਂ ਦੀਆਂ ਕੌਮ ਲਈ, ਦੇਸ਼ ਲਈ ਸ਼ਹੀਦੀਆਂ ਨੇ। ਤੋਪਾਂ ਦੇ ਮੂਹਰੇ ਖੜ੍ਹ ਖੜ੍ਹ ਕੇ ਸ਼ਹੀਦੀਆਂ ਦੇਣੀਆਂ ਕਿਤੇ ਸੌਖੀਆਂ ਨੀ ਹੈ। ਗੱਲਾਂ ਕਰਨੀਆਂ ਸੌਖੀਆਂ ਨੇ। ਸ਼ਹੀਦ ਹੋ ਜਾਣਾ, ਇੱਟਾਂ ਦੇ ਉੱਪਰ ਖੜ੍ਹ ਖੜ੍ਹ ਕੇ। ਵੱਡੀਆਂ ਕੁਰਬਾਨੀਆਂ ਨੇ ਦੇਸ਼ ਲਈ।

ਕਈ ਵਾਰ ਅਸੀਂ ਆਈਸੋਲੇਸ਼ਨ ਚ ਚਲੇ ਜਾਨੇ ਆਂ। ਲਓ ਜੀ ਮੈਂ ਟਕਸਾਲੀ ਆਂ। ਮੈਂ ਅਖੰਡ ਕੀਰਤਨੀਆਂ। ਮੈਂ ਨਾਮਧਾਰੀ ਆਂ। ਪਰ ਜੇ ਵੇਖਿਆ ਜਾਵੇ ਗੁਰੂ ਸਾਡਾ ਇਕ ਹੈ, ਗੁਰੂ ਨਾਨਕ ਦਾ ਫਲਸਫ਼ਾ, ਗੁਰਬਾਣੀ ਇਕ ਐ, ਬੜਾ ਵੱਡਾ ਸਦ ਉਪਯੋਗ ਹੋਵੇਗਾ ਜੇਕਰ ਅਸੀਂ ਜਵਾਕਾਂ ਨੂੰ ਪੰਜਾਬੀ ਬੋਲੀ, ਧਰਮ ਅਤੇ ਸੱਭਿਆਚਾਰ ਨਾਲ ਜੋੜ ਸਕੀਏ, ਉਹ ਜੁੜਨਗੇ ਕਿਉਂ ਨਹੀਂ ਜੁੜਨਗੇ।"

ਜਦੋਂ ਗਿੱਲ ਸਾਹਿਬ ਨੇ ਪੰਜਾਬੀ ਸੱਥ ਦੇ ਪ੍ਰਬੰਧਕੀ ਢਾਂਚੇ ਬਾਰੇ ਪੁੱਛਿਆ ਤਾਂ ਮੈਂ ਦੱਸਿਆ ਕਿ ਪੰਜਾਬੀ ਸੱਥ ਦੇ ਸਰਪ੍ਰਸਤ ਡਾ. ਨਿਰਮਲ ਸਿੰਘ ਲਾਂਬੜਾਂ ਅਕਸਰ ਹੀ ਇਹ ਆਖਦੇ ਹੁੰਦੇ ਹਨ ਕਿ ਇਹ ਕਨਸੈਪਟ ਅਸੀਂ ਸਤਿਗੁਰੂ ਰਾਮ ਸਿੰਘ ਜੀ ਤੋਂ ਲਿਆ ਹੈ। ਉਹਨਾਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਿਵੇਂ ਦੇਸ਼ ਦੇ ਵੱਖ-ਵੱਖ 22 ਹਿੱਸਿਆਂ ਵਿੱਚ 22 ਸੂਬੇ ਨਿਯੁਕਤ ਕੀਤੇ ਸਨ ਆਪਾਂ ਓਵੇਂ ਹੀ ਪੰਜਾਬ ਦੇ ਵੱਖ ਵੱਖ ਖਿੱਤਿਆਂ ਵਿੱਚ ਕੰਮ ਕਰਨ ਵਾਲੇ ਪੰਜਾਬੀ ਸੱਥ ਦੇ ਸੰਚਾਲਕ ਨਿਯੁਕਤ ਕੀਤੇ ਹਨ ਜੇਹੜੇ ਆਪਣੇ ਆਪਣੇ ਇਲਾਕਿਆਂ ਵਿੱਚ ਕਾਰਜ ਕਰਦੇ ਹਨ। ਇਸ ਲਾਈਵ ਰੇਡੀਓ ਪ੍ਰੋਗਰਾਮ ਵਿੱਚ ਸਰੀ ਤੋਂ ਸ. ਜਗਸੀਰ ਸਿੰਘ ਸਿੱਧੂ ਅਤੇ ਰਮਨਦੀਪ ਸਿੰਘ ਧਾਲੀਵਾਲ ਵੀ ਸ਼ਾਮਿਲ ਸਨ।

**ਡਾ. ਲਖਵੀਰ ਸਿੰਘ ਰਾਮਪੁਰਾ ਫੂਲ**

.....................................................

## Matrimonial

**Name :- Sukhwinder Singh**
Caste :- Rajpoot (Gold smith)
Qualifications :- B.Tech in ECE
Date of Birth :- 21-10-1993
Birth Place :- Ludhiana
Hight :- 5'-6"
Colour :- Fair
Working in IB Group State Head (Operation)
Salary Package Rs. 11.50 Lacs Annually
Mother :- (House Wife)
Contact:- 9356250042
Brother:- Married (Business man )
Contact:- 8968944707
Property :- Own House (Ludhiana)

.....................................................

## ਜਪ ਪ੍ਰਯੋਗ ਦੀ ਅਰੰਭਤਾ ਸਮੇਂ ਦੀਆਂ ਯਾਦਗਾਰੀ ਤਸਵੀਰਾਂ









## ਨਿਊਜੀਲੈਂਡ ਵਿਚ ਜਪ ਪ੍ਰਯੋਗ ਦੀ ਅਰੰਭਤਾ

08.09.2024





Date of Publication: 21 September 2024
Date of Posting: 23 September 2024

RNI NO.55658/93
LDM/008/2021-2023



# ਜਪ ਪ੍ਰਯੋਗ 2024



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.